# ਕਹਿ ਦਿਓ ਉਸ ਕੁੜੀ ਨੂੰ

**ਇਸੇ ਕਲਮ ਤੋਂ :**

| | | |
|---|---|---|
| **ਕਾਵਿ ਸੰਗ੍ਰਹਿ** : | ਹੰਝੂ ਭਿੱਜਿਆ ਮੌਸਮ | 1988 |
| | ਤਾਰਿਆਂ ਦੀ ਛਾਵੇਂ | 1990 |
| | ਮੱਸਿਆ ਤੇ ਗੁਲਾਬੀ ਲੋਅ | 1994 |
| | ਬੁੱਕਲ਼ ਵਿਚਲੇ ਸੂਰਜ | 2000 |
| | ਹੁਣ ਅਲਵਿਦਾ ਹੁੰਦੇ ਨੇ ਖਤ | 2011 |
| **ਬਾਲ-ਕਵਿਤਾਵਾਂ** : | ਚੰਦ ਦੀ ਬਰਫੀ | 2011 |
| | (ਭਾਸ਼ਾ ਵਿਭਾਗ ਪੰਜਾਬ ਵੱਲੋਂ ਐਵਾਰਡ) | |
| **ਕਾਵਿ-ਵਾਰਤਕ** : | ਨਾ! ਮੰਮੀ ਨਾ | 2004 |
| | ਦੂਜੀ ਐਡੀਸ਼ਨ | 2006 |
| | ਚੌਮੁਖੀਆ ਇਬਾਰਤਾਂ | 2015 |
| **ਅਨੁਵਾਦ** : | ਬੋਹੜ ਦਾ ਦਰੱਖਤ ਨੈਸ਼ਨਲ ਬੁਕ ਟਰੱਸਟ ਇੰਡੀਆ | |

**ਹੋਰ ਲੇਖਕਾਂ ਨਾਲ ਸਾਂਝੇ ਸੰਗ੍ਰਿਹ :**

ਕਹਾਣੀਆਂ : 'ਪਹੁ ਫੁਟਾਲਾ ਤੇ ਹੋਰ ਕਹਾਣੀਆਂ' ਅਤੇ 'ਬਾਰਹਾ ਕੰਚਨ'
ਵਾਰਤਕ : 'ਮੇਰੀ ਦੇਹਲੀ ਤੇ ਦਘਦਾ ਸੂਰਜ', 'ਅਜੋਕੀ ਔਰਤ–ਦਸ਼ਾ ਤੇ ਦਿਸ਼ਾ'
'ਨਿੱਕੇ ਪੈਰ ਕੰਡਿਆਲੇ ਰਾਹ', 'ਸ਼ਖਸ਼ੀਅਤ ਉਸਾਰੀ ਦੀ ਤਿਆਰੀ'

**ਸਾਂਝੇ ਹਿੰਦੀ ਸੰਗ੍ਰਹਿ :**

| | |
|---|---|
| ਪੰਜਾਬੀ ਮਹਿਲਾ ਕਥਾਕਾਰੋਂ ਕੀ ਸ਼੍ਰੇਸ਼ਟ ਕਹਾਣੀਆਂ | 2008 |
| ਭਾਰਤ ਕੇ ਸ਼੍ਰੇਸ਼ਟ ਹਿੰਦੀ ਕਵੀ ਏਵੰ ਕਵਿਤਰੀਆਂ | 2009 |
| ਭਾਰਤ ਕੇ ਸ਼੍ਰੇਸ਼ਟ ਹਿੰਦੀ ਰਚਨਾਕਾਰ | 2011 |

# ਕਹਿ ਦਿਓ ਉਸ ਕੁੜੀ ਨੂੰ

(ਕਾਵਿ-ਨਾਰੀ ਸਰੋਕਾਰ)

ਡਾ. ਗੁਰਮਿੰਦਰ ਸਿੱਧੂ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

***Keh Dio Uss Kuri Nu***

***Songs/Poems/ Poetic Play/Jago/Bambiha/Suhag/ Giddha welcoming Daughters, forbidding Female Foeticide/Infanticide and Empowering women*** ***by***


**Dr. Gurminder Sidhu** ©
# 658, Phase 3, B-1, Mohali
(S.A.S. Nagar)-160059, Punjab (India)
Phone : Res : 0172-4623658,
Mobile : 9872003658, 9872007658
Email : gurmindersidhu13@gmail.com
gurmindersidhu@rediffmail.com



**ISBN : 978-93-5112-163-3**

**Rs. 200/-**

**2016**

*Printed and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website : www.chetnaparkashan.com
E-mail : chetnaparkashan@gmail.com
Sub Off. : Qila Road, Opp. Bus Stand, KOTKAPURA (Pb.) INDIA
Ph. : 95011-45039
Printer : R.K. Offset, Delhi


*


All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

*ਆਪਣੇ ਹਮਸਫ਼ਰ ਡਾ. ਬਲਦੇਵ ਸਿੰਘ ਖਹਿਰਾ*
*ਨੂੰ*
*ਜਿਹੜੇ ਧੀਆਂ ਬਚਾਉਣ ਦੀ ਇਸ ਮੁਹਿੰਮ ਵਿੱਚ*
*ਬਲਕਿ ਜ਼ਿੰਦਗੀ ਦੀ ਹਰ ਮੁਹਿੰਮ ਵਿੱਚ*
*ਮੇਰੇ ਕਦਮਾਂ ਨਾਲ ਕਦਮ ਮਿਲਾ ਕੇ ਤੁਰਦੇ ਹਨ*
*ਤੇ*
*ਮੇਰੇ ਥੱਕੇ ਹਾਰੇ ਪੈਰਾਂ ਵਿੱਚ*
*ਉਤਸ਼ਾਹ ਤੇ ਹਿੰਮਤ ਦਾ ਜਾਦੂ ਭਰਦੇ ਹਨ*

ਕਹਿ ਦਿਓ ਉਸ ਕੁੜੀ ਨੂੰ, ਕਮਜ਼ੋਰ ਹੋਇਆ ਨਾ ਕਰੇ
ਰੋ ਚੁੱਕੀ ਹੈ ਉਹ ਬਹੁਤ, ਹੁਣ ਹੋਰ ਰੋਇਆ ਨਾ ਕਰੇ
ਨਾ ਸੜੇ, ਨਾ ਜ਼ਹਿਰ ਪੀਵੇ, ਗਲ਼ 'ਚ ਫੰਧਾ ਪਾਵੇ ਨਾ
ਸਿਰ ਝੁਕਾ ਕੇ ਕਾਤਿਲਾਂ ਅੱਗੇ ਖੜੋਇਆ ਨਾ ਕਰੇ

## ਤਰਤੀਬ


ਕਹਿ ਦਿਓ ਉਸ ਕੁੜੀ ਨੂੰ 11

ਇਕ ਖ਼ਤ ਵਿਦਿਆਰਥੀਆਂ ਦੇ ਨਾਂ 13

***ਉਹਨਾਂ ਰਾਹਾਂ ਤੋਂ ਸਦਕੜੇ ਲੱਖ ਵਾਰੀ*** 21

(ਸਮਾਗਮ/ਪ੍ਰਤਿਯੋਗਤਾ ਵਿੱਚ ਵਰਤਣ ਲਈ ਕਾਵਿ-ਟੁਕੜੀਆਂ)

***ਮੈਨੂੰ ਨਾ ਤੂੰ ਮਾਰੀਂ ਮਾਂ!*** 29

(ਕੰਨਿਆ/ਕੰਨਿਆ-ਭਰੂਣ ਹੱਤਿਆ ਖ਼ਿਲਾਫ਼ ਵਰਜਦੇ, ਦਾਜ, ਬਲਾਤਕਾਰ ਜਾਂ ਹੋਰ ਜ਼ੁਲਮਾਂ ਖ਼ਿਲਾਫ਼ ਜੂਝਣ ਦੀ ਪ੍ਰੇਰਨਾ ਦਿੰਦੇ ਗੀਤ)

ਤੂੰ ਆ ਹਰਿੱਕ ਵਿਹੜੇ ਵਿੱਚ 31

ਨਾ! ਮੰਮੀ ਨਾ! 33

ਨਾ ਤੂੰ ਚਿੱਠੀਆਂ ਪੜ੍ਹੀਆਂ ਮਾਏ! 35

ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ! 36

ਅਸੀਂ ਲੀਰੋ-ਲੀਰ ਹੋਈਆਂ ਗੁਡੀਆਂ 37

ਤੇਰੇ ਲਈ ਖ਼ੁਸ਼ੀਆਂ ਦਾ ਨਗ਼ਮਾ ਬਣਾਂਗੀ 39

ਕੁੜੀਆਂ ਮਿਸ਼ਰੀ ਦੀਆਂ ਪੁੜੀਆਂ 40

ਅਜੇ ਨਾ ਸੱਦ ਬਰਾਤਾਂ ਮਾਏ! 42

ਬਾਬਲ! ਵਿਦਿਆ ਕਰੇਂਦਿਆ 43

ਸਿਵਿਆਂ 'ਚੋਂ ਸੁਣੀਂਦਾ ਰੁਦਨ 45

ਡੋਲੀਓਂ ਲਹਿੰਦੀਆਂ ਨੂੰਹਾਂ ਦਾ ਗੀਤ 47

ਕਦੇ ਭੁੱਲਣ ਨਾ ਧੀਆਂ ਬਾਬਲ ਧਰਮੀ ਦਾ ਦੇਸ 48

ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ 49

ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ 51

ਕਹਿ ਦਿਓ ਉਸ ਕੁੜੀ ਨੂੰ 53

ਨਾਰੀ ਮੋਹ ਦਾ ਨਾਂ, ਓ ਵਤਨਾਂ ਵਾਲਿਓ! 54

ਇਕ ਦਿਨ ਨੂੰ ਮੈਂ ਵੀ ਝਾਂਸੀ ਦੀ ਰਾਣੀ ਬਣਨਾ ਹੈ 56

ਮੈਂ ਤੈਨੂੰ ਜਾਣ ਨਹੀਂ ਦੇਣਾ 57

ਸੱਜਣ ਬਦਨੀਤੀਆ! ਮੈਂ ਤੇਰੇ ਹਾਣ ਦੀ 58

ਮਾਏ ਨੀਂ! ਮੈਂ ਨਹੀਂਓ ਹਾਰਨਾ 59

***ਖੁੱਲ੍ਹਾ ਧਰਤ ਆਕਾਸ਼ ਹੀ ਮੰਗਦੀ ਹਾਂ*** 61

(ਕਾਵਿ-ਮੁਕਾਬਲੇ/ਸਮਾਰੋਹ ਵਿੱਚ ਪੜ੍ਹਨ ਲਈ ਕਵਿਤਾਵਾਂ)

ਧੀ ਦਾ ਜਨਮ 63

ਤੁਸੀਂ ਸਾਰੇ ਕਿੱਥੇ ਓ? 66

ਜ਼ਰਾ ਇਹ ਤਾਂ ਸੋਚੋ ! 68

ਕੁੜੀਆਂ ਦਾ ਸਾਵਣ 70

ਕੁੜੀ ਹੁਣ ਕੋਈ ਖਤ ਨਹੀਂ ਲਿਖੇਗੀ 72

ਸਬਰਾਂ ਦਾ ਸ਼ੀਸ਼ਾ 74

ਔਰਤ! ਓ ਔਰਤ! 76

ਤੇਜ਼ਾਬੀ ਹਕੀਕਤਾਂ 78

ਬਾ-ਮੁਲਾਹਜ਼ਾ ਹੋਸ਼ਿਆਰ 80

ਬਣੀ ਹੈ, ਬਣੇਗੀ ਸਿਦਕਾਂ ਦੀ ਪਹਿਰੇਦਾਰ ਮੇਰੀ ਗੁੱਤ 82

ਸੱਚ ਦੇ ਰੂਬਰੂ 84

ਅਹੱਲਿਆ 86

ਨਵੀਂ ਦਿਸ਼ਾ ਨਵੀਂ ਚੇਤਨਾ 88

*ਸਾਡੀ ਲੰਬੀ ਉਡਾਰੀ ਵੇ!*
(ਲੋਕਗੀਤਾਂ/ਲੋਕਨਾਚਾਂ 'ਤੇ ਅਧਾਰਿਤ ਪੇਸ਼ਕਾਰੀਆਂ) 91
ਧੀ ਲਈ ਲੋਰੀ 93
ਕਿੱਕਲੀ ਕਲੀਰ ਦੀ 95
ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀਂ ਮਾਏ! 96
ਟੱਪੇ 98
ਜਾਗੋ-ਪਿੰਡਾ! ਜਾਗ ਬਈਆ! ਹੁਣ ਜਾਗੋ ਆਈ ਆ 102
ਸੁਹਾਗ-ਸਾਡਾ ਚਿੜੀਆਂ ਦਾ ਚੰਬਾ ਵੇ 104
ਕੁੜੀਆਂ ਦੀ ਘੋੜੀ 106
ਢੋਲਕੀ ਦਾ ਗੀਤ-ਕੁੜੀਆਂ ਦੀ ਸਰਦਾਰੀ 109
ਕਾਵਿ ਨਾਟ-ਇੱਕ ਬੂਟਾ ਅੰਮੀ ਦਾ 113
ਕਾਵਿ ਨਾਟ -ਕੱਚ ਦੀਆਂ ਵੰਗਾਂ ਨਾ ਤੋੜ 117
ਬੰਬੀਹਾ 123
ਗਿੱਧਾ 124

ਹਵਾ ਹੈ ਤੇਜ਼ ਵੀ, ਤੇ ਦੀਵਿਆਂ ਦੀ ਦੁਸ਼ਮਣ ਵੀ,
ਦੀਵਾ ਮੱਥੇ 'ਚ ਜਗਾਓ ਕਿ ਕੋਈ ਗੱਲ ਬਣੇ
ਹਨ੍ਹੇਰਾ ਬਹੁਤ ਹੈ ਜ਼ਾਲਿਮ ਤੇ ਬਹੁਤ ਗਹਿਰਾ ਵੀ,
ਮਸ਼ਾਲਾਂ ਬਾਲ ਕੇ ਆਓ ਕਿ ਕੋਈ ਗੱਲ ਬਣੇ

# ਕਹਿ ਦਿਓ ਉਸ ਕੁੜੀ ਨੂੰ

ਸਦੀਆਂ ਤੋਂ ਚੱਲੀ ਆ ਰਹੀ ਧੀਆਂ ਨੂੰ ਮਾਰਨ ਦੀ ਕੁਰੀਤੀ, ਗਰਭ ਵਿੱਚ ਹੀ ਮਾਰ ਦੇਣ ਦੀਆਂ ਸਹੂਲਤਾਂ ਮਿਲਣ ਕਰਕੇ ਬਹੁਤ ਹੀ ਵਿਕਰਾਲ ਰੂਪ ਧਾਰਨ ਕਰ ਗਈ ਹੈ। ਕੁੜੀਆਂ ਏਨੀਆਂ ਘਟ ਗਈਆਂ ਨੇ ਕਿ ਮੁੰਡਿਆਂ ਨੂੰ ਵਿਆਹੁਣ ਲਈ ਮੁਟਿਆਰਾਂ ਨਹੀਂ ਮਿਲ ਰਹੀਆਂ। ਫ਼ਲਸਰੂਪ ਕੁੜੀਆਂ ਅਗਵਾ ਕੀਤੀਆਂ ਜਾਣ ਲੱਗੀਆਂ ਨੇ, ਵੇਚੀਆਂ ਜਾਣ ਲੱਗੀਆਂ ਨੇ। ਉਹਨਾਂ ਨਾਲ ਹੁੰਦੀ ਛੇੜਛਾੜ, ਅਸ਼ਲੀਲ ਹਰਕਤਾਂ, ਬਲਾਤਕਾਰਾਂ, ਹੱਤਿਆਵਾਂ ਦੀਆਂ ਵਾਰਦਾਤਾਂ ਰੋਜ਼ ਸਮਾਜ ਦੀ ਹਿੱਕ ਲੂੰਹਦੀਆਂ ਨੇ। ਹੋਰ ਬਹੁਤ ਕੁਝ ਅਜੇਹਾ ਵਾਪਰ ਰਿਹੈ, ਜਿਸਨੇ ਜ਼ਿੰਦਗੀ ਦਾ ਸਾਵਾਂਪਨ ਡਾਵਾਂਡੋਲ ਕਰ ਦਿੱਤੈ। ਇਸਦਾ ਕਿਆਸ ਤਾਂ ਅੱਜ ਤੋਂ 25-30 ਸਾਲ ਪਹਿਲਾਂ ਹੀ ਹੋ ਗਿਆ ਸੀ ਜਦੋਂ ਅਲਟਰਾਸਾਊਂਡ ਧੀਆਂ ਲਈ ਸਰਾਪ ਬਣ ਕੇ ਆ ਗਈ ਸੀ। ਮੈਂ ਅਤੇ ਮੇਰਾ ਜੀਵਨ ਸਾਥੀ ਡਾ : ਬਲਦੇਵ ਸਿੰਘ ਖਹਿਰਾ 1988 ਤੋਂ ਹੀ ਉਸ ਕਾਫਿਲੇ ਵਿੱਚ ਸ਼ਾਮਿਲ ਹਾਂ ਜੋ ਧੀਆਂ ਨੂੰ ਬਚਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹੈ। ਪਰ ਸਮਾਜ ਦੀ ਬੀਮਾਰ ਮਾਨਸਿਕਤਾ ਬਦਲੀ ਨਹੀਂ ਜਾ ਸਕੀ, ਅੰਕੜੇ ਕੁੱਖਾਂ ਵਿੱਚ ਮਾਰੀਆਂ ਜਾ ਰਹੀਆਂ ਧੀਆਂ ਬਾਰੇ ਦੁਹਾਈ ਪਾਉਂਦੇ ਰਹਿੰਦੇ ਨੇ, ਅਖਬਾਰਾਂ, ਦੂਰਦਰਸ਼ਨ ਥਾਂ-ਕੁਥਾਂ ਸੁੱਟੇ ਗਏ ਕੰਨਿਆ-ਭਰੂਣਾਂ ਦੀਆਂ ਹੌਲਨਾਕ ਤਸਵੀਰਾਂ ਦਿਖਾਉਂਦੇ ਨੇ, ਰੇਲਾਂ-ਬੱਸਾਂ, ਸਟੇਸ਼ਨਾਂ-ਅੱਡਿਆਂ, ਜੰਗਲਾਂ-ਚੁਰਾਹਿਆਂ, ਮੰਦਿਰਾਂ-ਗੁਰਦੁਆਰਿਆਂ, ਯਤੀਮਖਾਨਿਆਂ-ਹਸਪਤਾਲਾਂ ਵਿੱਚ ਛੱਡੀਆਂ ਜਿਉਂਦੀਆਂ ਜਾਗਦੀਆਂ ਬੱਚੀਆਂ ਮੀਡੀਆ ਦਾ ਜ਼ਿਕਰ ਬਣਦੀਆਂ ਨੇ। ਧੀਆਂ ਦੀ ਇਹ ਬੇਕਦਰੀ ਸਮਾਜ ਨੂੰ, ਸੱਭਿਅਤਾ ਨੂੰ ਤਬਾਹੀ ਦੇ ਕਿਸ ਮੁਕਾਮ ਤੱਕ ਲੈ ਜਾਏਗੀ, ਇਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦੈ। ਜੇ ਇਸ ਅੰਜਾਮ ਤੋਂ ਬਚਣਾ ਹੈ ਤਾਂ ਸਾਨੂੰ ਆਪਣੀ ਜੰਗ ਹੋਰ ਪ੍ਰਚੰਡ ਕਰਨੀ ਪਏਗੀ, ਕੁੜੀਆਂ ਨੂੰ ਬਚਾਉਂਦੀਆਂ ਢਾਲਾਂ ਹੋਰ ਮਜ਼ਬੂਤ ਕਰਨੀਆਂ ਪੈਣਗੀਆਂ, ਹਤਿਆਰਿਆਂ ਨੂੰ ਰੋਕਣ ਵਾਲੇ ਹਥਿਆਰ ਹੋਰ ਤਿੱਖੇ ਕਰਨੇ ਪੈਣਗੇ। ਕੁੜੀਆਂ ਨੂੰ ਬਲਵਾਨ ਕਰਨਾ ਪਏਗਾ, ਉਹਨਾਂ ਨੂੰ ਕਹਿਣਾ ਪਏਗਾ ਕਿ ਉਹ ਅਬਲਾ ਨਹੀਂ ਦੁਰਗਾ ਹਨ, ਹਰ ਅੱਤਿਆਚਾਰ ਦਾ ਸਾਹਮਣਾ ਕਰ ਸਕਦੀਆਂ ਹਨ। ਮਾਪਿਆਂ ਦੇ ਜ਼ੇਹਨ ਵਿੱਚ ਵੀ ਇਹ ਹਕੀਕਤ ਪਾਉਣੀ



ਪਏਗੀ ਕਿ ਧੀਆਂ ਨੂੰ ਮਾਰਨ ਦੇ ਕਿਹੋ ਜਿਹੇ ਖ਼ੌਫਨਾਕ ਨਤੀਜੇ ਨਿੱਕਲ ਸਕਦੇ ਹਨ, ਉਹਨਾਂ ਲਈ ਨਿੱਜੀ ਤੌਰ 'ਤੇ ਵੀ ਅਤੇ ਪੂਰੇ ਸਮਾਜ, ਪੂਰੇ ਦੇਸ਼ ਲਈ ਵੀ।

ਕੁੜੀਆਂ ਨਾਲ ਹੀ ਜਹਾਨ ਵਸਦਾ ਹੈ, ਕੁੜੀਆਂ ਨਾਲ ਹੀ ਜੀਵਨ ਬਚਦਾ ਹੈ। ਮਨੁੱਖੀ ਸੋਚ ਨੂੰ ਬਦਲਣ ਲਈ ਸਾਹਿਤ ਸਭ ਤੋਂ ਕਾਰਾਗਰ ਸਾਧਨ ਹੈ। ਇਹ ਕਾਗ਼ਜ਼ਾਂ, ਮੰਚਾਂ, ਬਿਜਲਈ ਵਸੀਲਿਆਂ ਰਾਹੀਂ ਮਨਾਂ ਦੇ ਹਨ੍ਹੇਰਿਆਂ ਕੋਨਿਆਂ ਵਿੱਚ ਲਿਸ਼ਕੋਰ ਮਾਰ ਕੇ ਸਦੀਵੀ ਰੌਸ਼ਨੀ ਬਿਖੇਰਨ ਦਾ ਕਮਾਲ ਰੱਖਦਾ ਹੈ। ਇਸ ਲਈ ਕੁੜੀਆਂ ਦਾ ਸਵਾਗਤ ਕਰਨ ਵਾਲੀਆਂ, ਉਹਨਾਂ ਨੂੰ ਤਨੋਂ ਮਨੋਂ ਤਕੜੀਆਂ ਕਰਨ ਵਾਲੀਆਂ ਅਤੇ ਇਸ ਕੁਰੀਤੀ ਲਈ ਜ਼ਿੰਮੇਵਾਰ ਹਾਲਾਤਾਂ ਨੂੰ ਸੁਧਾਰਨ ਲਈ ਪ੍ਰੇਰਨਾ ਦੇਣ ਵਾਲੀਆਂ ਕਿਰਤਾਂ ਦੇ ਕੇ ਇਕ ਵਾਰ ਫਿਰ ਆਪਣੀ ਸਮਰੱਥਾ ਅਨੁਸਾਰ ਹਾਜ਼ਿਰ ਹਾਂ।

**ਡਾ : ਗੁਰਮਿੰਦਰ ਸਿੱਧੂ**
#658, ਫੇਜ਼-3, ਬੀ-1, ਮੋਹਾਲੀ (ਭਾਰਤ)
ਮੋਬਾਈਲ : 9872003658

**Blogs :**
gurmindersidhu.blogspot.com
drgurminder.blogspot.com
drgurmindersidhu.blogspot.com

# ਇਕ ਖ਼ਤ ਵਿਦਿਆਰਥੀਆਂ ਦੇ ਨਾਂ

ਪਿਆਰੇ ਵਿਦਿਆਰਥੀਓ!

ਹਮੇਸ਼ਾ ਖ਼ੁਸ਼ ਰਹੋ!

ਅੱਜ ਤੁਹਾਨੂੰ ਇਕ ਬਹੁਤ ਗੰਭੀਰ ਮਸਲੇ ਬਾਰੇ ਦੱਸਣਾ ਹੈ, ਇਸ ਬਾਰੇ ਤੁਹਾਡੇ ਨਾਲ ਗੱਲ ਕਰਨੀ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਕੱਲ੍ਹ ਤੁਹਾਨੂੰ ਇਸ ਸਮੱਸਿਆ ਨਾਲ ਜੂਝਣਾ ਪੈਣਾ ਹੈ। ਜਾਣਦੀ ਹਾਂ ਕਿ ਤੁਸੀਂ ਸਭ ਬਹੁਤ ਜ਼ਿੰਮੇਵਾਰ ਬੱਚੇ ਹੋ, ਕੱਲ੍ਹ ਤੁਸੀਂ ਜ਼ਿੰਮੇਵਾਰ ਵਿਅਕਤੀ ਬਣਨਾ ਹੈ। ਸਿਆਣੇ ਕਹਿੰਦੇ ਨੇ ਕਿ ਜਦੋਂ ਪਹਿਲਾਂ ਪਤਾ ਲੱਗ ਜਾਏ ਕਿ ਕੱਲ੍ਹ ਨੂੰ ਕੋਈ ਮੁਸ਼ਕਿਲ ਆਉਣ ਵਾਲੀ ਹੈ ਤਾਂ ਉਸਦੀ ਪਹਿਲਾਂ ਹੀ ਰੋਕ-ਥਾਮ ਕਰ ਲੈਣੀ ਚਾਹੀਦੀ ਹੈ। ਤੁਸੀ ਦੇਸ਼ ਦੀ ਪਨੀਰੀ ਹੋ, ਅੱਜਕੱਲ੍ਹ ਤੁਹਾਨੂੰ ਗਿਆਨ ਦੀ ਧੁੱਪ ਮਿਲ ਰਹੀ ਹੈ, ਵਿਦਵਤਾ ਦੀ ਖਾਦ ਮਿਲ ਰਹੀ ਹੈ, ਸਿਆਣਪ ਦਾ ਪਾਣੀ ਮਿਲ ਰਿਹਾ ਹੈ, ਤੁਸੀਂ ਹੀ ਕੱਲ੍ਹ ਨੂੰ ਫੁੱਲ ਬਣ ਕੇ ਖਿੜਨਾ ਹੈ। ਤੁਸੀਂ ਖ਼ੂਬ ਪੜ੍ਹੋ, ਤਰੱਕੀਆਂ ਕਰੋ, ਬਹੁਤ ਵਧੀਆ ਸਥਾਪਿਤ ਹੋਵੋ ਤੇ ਖ਼ੁਸ਼ਹਾਲ ਜ਼ਿੰਦਗੀ ਜੀਵੋ, ਜਿਸ ਤਰ੍ਹਾਂ ਤੁਹਾਡੇ ਮੰਮੀ-ਪਾਪਾ, ਰਿਸ਼ਤੇਦਾਰ-ਦੋਸਤ, ਆਂਢੀ-ਗਵਾਂਢੀ ਜਿਉਂਦੇ ਨੇ, ਬਲਕਿ ਉਸ ਤੋਂ ਵੀ ਵਧੀਆ। ਪਰ ਜੇ ਹਾਲਾਤ ਇਸੇ ਤਰ੍ਹਾਂ ਰਹੇ ਤਾਂ ਉਸ ਖ਼ੁਸ਼ਹਾਲ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਆ ਜਾਣੀਆਂ ਨੇ, ਕਿਤੇ ਇਹ ਨਾ ਹੋਵੇ ਕਿ ਜ਼ਿੰਦਗੀ ਹੋਰ ਵਧੀਆ ਹੋਣ ਦੀ ਥਾਂ ਹੋਰ ਬਦਤਰ ਹੋ ਜਾਏ। ਇਸ ਲਈ ਵਕਤ ਦੀ ਲੋੜ ਹੈ ਕਿ ਤੁਹਾਨੂੰ ਉਹਨਾਂ ਰੁਕਾਵਟਾਂ ਤੋਂ ਜਾਣੂ ਕਰਵਾਇਆ ਜਾਵੇ! ਉਂਜ ਤਾਂ ਤੁਸੀਂ ਆਪ ਹੀ ਬਹੁਤ ਸਮਝਦਾਰ ਹੋ, ਸਕੂਲ ਕਾਲਜ ਵਿੱਚ ਵੀ ਪੜ੍ਹਿਆ ਹੋਏਗਾ, ਇੰਟਰਨੈਟ ਵੀ ਜ਼ਰੂਰ ਖੋਲ੍ਹਦੇ ਹੋਵੋਗੇ, ਟੀ.ਵੀ ਆਦਿ ਵੀ ਦੇਖਦੇ ਓ, ਤੁਹਾਨੂੰ ਪਤਾ ਹੀ ਹੋਣੈ ਇਹਨਾਂ ਮੁਸ਼ਕਿਲਾਂ ਬਾਰੇ, ਜਿਵੇਂ ਗਲੋਬਲ-ਵਾਰਮਿੰਗ ਬਾਰੇ ਪੜ੍ਹਦੇ-ਸੁਣਦੇ ਓ, ਕਿ ਜੇ ਆਪਾਂ ਕੁਝ ਨਾ ਕੀਤਾ ਤਾਂ ਕੀ ਨੁਕਸਾਨ ਹੋ ਸਕਦੇ ਨੇ, ਇਵੇਂ ਹੀ ਜੇ ਰੁੱਖ ਕੱਟੇ ਗਏ, ਨਵੇਂ ਨਾ ਲਗਾਏ ਗਏ ਤਾਂ ਕਿੰਜ ਬਰਬਾਦੀ ਆ ਸਕਦੀ ਐ, ਇਵੇਂ ਹੀ ਹੋਰ ਮਸਲਿਆਂ ਬਾਰੇ ਵੀ ਜਾਣਦੇ ਹੋਵੋਗੇ ਤੇ ਸ਼ਾਇਦ ਕੰਨਿਆ ਭਰੂਣ ਹੱਤਿਆ ਬਾਰੇ ਵੀ। ਇਹ ਇਕ ਬਹੁਤ ਹੀ ਅਹਿਮ ਸਮੱਸਿਆ ਹੈ, ਜਿਸਨੂੰ ਜੇ ਆਪਾਂ ਹੁਣੇ ਨਾ ਰੋਕਿਆ ਤਾਂ ਬੜੇ ਭਿਆਨਕ ਸਿੱਟੇ ਨਿੱਕਲਣਗੇ।



## ਇਹ ਕੰਨਿਆ ਭਰੂਣ ਹੱਤਿਆ ਆਖਿਰ ਹੁੰਦੀ ਕੀ ਹੈ?

ਬੱਚਿਓ! ਤੁਸੀਂ ਜਾਣਦੇ ਈ ਓ ਕਿ ਮਨੁੱਖ ਮਾਂ ਦੇ ਪੇਟ ਵਿੱਚੋਂ ਜਨਮ ਲੈਂਦੈ, ਉਸ ਦੀ ਗਰਭਦਾਨੀ ਵਿੱਚ ਹੀ ਵਿਕਸਿਤ ਹੁੰਦੈ, ਪਹਿਲਾਂ ਤਾਂ ਇਹ ਨਿੱਕਾ ਜਿਹਾ ਗੋਲਾ ਜਿਹਾ ਹੀ ਹੁੰਦੈ, ਫਿਰ ਵੱਖ ਵੱਖ ਬਣਤਰਾਂ ਵਿਚੋਂ ਨਿੱਕਲ ਕੇ ਤਕਰੀਬਨ ਨੌਂ ਮਹੀਨਿਆਂ ਵਿੱਚ ਪੂਰਾ ਬੱਚਾ ਬਣ ਕੇ ਜਨਮ ਲੈਂਦਾ ਹੈ। ਮਾਂ ਦੇ ਗਰਭ ਵਿੱਚ ਜਦੋਂ ਇਹ ਹੁੰਦੈ ਤਾਂ ਇਹਨੂੰ ਫੀਟਸ (Foetus) ਕਿਹਾ ਜਾਂਦੈ, ਪਹਿਲੀਆਂ ਸਟੇਜਾਂ ਵਿੱਚ ਇਹ ਐਂਬਰੀਓ (Embryo) ਹੁੰਦੀ ਹੈ ਯਾਨੀ ਕਿ 'ਭਰੂਣ'..ਗਰਭ ਦੇ ਪਹਿਲੇ 3-4 ਮਹੀਨੇ ਪੂਰੇ ਹੋਣ ਤੱਕ ਇਹਦੇ ਸਾਰੇ ਅੰਗ ਬਣ ਜਾਂਦੇ ਨੇ, ਉਸ ਤੋਂ ਬਾਅਦ ਤਾਂ ਵਧਦੇ-ਫੁਲਦੇ ਹੀ ਹਨ। ਇਹ ਭਰੂਣ ਜਿਉਂਦਾ ਜਾਗਦਾ ਹੁੰਦੈ, ਧੜਕਦੇ ਦਿਲ ਵਾਲਾ, ਵਿਗਿਆਨੀ ਤਾਂ ਇਹ ਵੀ ਕਹਿੰਦੇ ਨੇ ਕਿ ਇਹ ਸੁਫ਼ਨੇ ਵੀ ਲੈ ਸਕਦਾ ਹੁੰਦੈ। ਸਾਡੇ ਸਮਾਜ ਵਿੱਚ ਇੱਕ ਬਦਰੀਤ ਚੱਲ ਪਈ ਹੈ ਕਿ ਇਸ ਉਮਰ 'ਤੇ ਅਲਟਰਾ-ਸਾਊਂਡ ਕਰਵਾ ਲਿਆ ਜਾਂਦੈ ਤੇ ਜੇ ਇਹ ਭਰੂਣ 'ਕੰਨਿਆ' ਹੋਵੇ ਤਾਂ ਗਰਭ-ਪਾਤ (Abortion) ਕਰਕੇ ਉਹਨੂੰ ਖਤਮ ਕਰ ਦਿੱਤਾ ਜਾਂਦੈ, ਇਸੇ ਨੂੰ 'ਕੰਨਿਆ-ਭਰੂਣ ਹੱਤਿਆ' ਕਹਿੰਦੇ ਨੇ।

ਸਰਕਾਰੀ ਤੌਰ 'ਤੇ ਭਰੂਣ-ਨਿਰੀਖਣ ਅਤੇ ਭਰੂਣ-ਹੱਤਿਆ ਉੱਤੇ ਪਾਬੰਦੀ ਹੈ, ਇਸ ਲਈ ਲੋਕ ਇਹ ਜੁਰਮ ਲੁਕ-ਛਿਪ ਕੇ ਕਰਦੇ ਨੇ। ਜੇ ਇੰਜ ਨਾ ਕਰ ਸਕਣ ਤਾਂ ਬੱਚੀ ਨੂੰ ਜੰਮਣ ਪਿਛੋਂ ਮਾਰ ਦਿੰਦੇ ਨੇ ਜਾਂ ਕਿਤੇ ਜਿਉਂਦੀ ਨੂੰ ਹੀ ਏਧਰ ਓਧਰ ਸੁੱਟ ਦਿੰਦੇ ਨੇ। ਤੁਸੀਂ ਜ਼ਰੂਰ ਪੜ੍ਹਦੇ-ਸੁਣਦੇ ਹੋਵੋਗੇ ਇਹੋ ਜਿਹੀਆਂ ਖ਼ਬਰਾਂ, ਦੂਰਦਰਸ਼ਨ ਉੱਤੇ ਵੀ ਦੇਖਦੇ ਹੋਵੋਗੇ ਦਿਲ-ਕੰਬਾਊ ਤਸਵੀਰਾਂ।

ਤੁਹਾਡੇ ਵਿਚੋਂ ਕਈ ਬਹੁਤ ਛੋਟੀ ਉਮਰ ਦੇ ਹੋਣਗੇ, ਬਹੁਤ ਮਾਸੂਮ, ਬੜੇ ਨਰਮ-ਦਿਲਾਂ ਵਾਲੇ, ਏਹੋ ਜਿਹੀਆਂ ਬੇਰਹਿਮ ਘਟਨਾਵਾਂ ਬਾਰੇ ਦੱਸਣਾ ਬੜਾ ਸਖਤ, ਬੜਾ ਕੁਰੱਖਤ ਹੈ। ਤੁਹਾਡੇ ਵਿਚੋਂ ਬਹੁਤੇ ਅੰਡਾ ਵੀ ਨਹੀਂ ਖਾਂਦੇ ਹੋਣਗੇ, ਕਿਉਂਕਿ ਉਸ ਵਿੱਚ ਵੀ ਐਂਬਰੀਓ (Embryo) ਹੁੰਦੀ ਹੈ, ਉਸੇ ਨੇ ਵਿਕਸਿਤ ਹੋ ਕੇ ਚੂਚਾ ਬਣਨਾ ਹੁੰਦੈ, ਬਹੁਤੇ ਮੀਟ ਵੀ ਨਹੀਂ ਖਾਂਦੇ ਹੋਣਗੇ, ਇਹ ਸੋਚ ਕੇ ਕਿ ਜੀਵ-ਹੱਤਿਆ ਪਾਪ ਹੈ, ਪਰ ਤੁਹਾਡੇ ਹੀ ਆਲੇ-ਦਵਾਲੇ ਇਹ ਹੱਤਿਆਵਾਂ ਕੀਤੀਆਂ ਜਾ ਰਹੀਆਂ ਨੇ, ਉਹ ਵੀ ਮਾੜੀ-ਮੋਟੀ ਗਿਣਤੀ ਵਿੱਚ ਨਹੀਂ, ਏਨੇ

ਵੱਡੇ ਪੱਧਰ ਉਤੇ ਕਿ ਤੁਹਾਡੇ ਵਰਗੇ ਨਿੱਕੇ ਨਿੱਕੇ ਦਿਲਾਂ ਨੂੰ ਇਸ ਬਾਰੇ ਦੱਸਣਾ ਮਜਬੂਰੀ ਹੋ ਗਈ ਹੈ। ਕਿਉਂਕਿ ਜਦੋਂ ਇਹ ਸਭ ਕੁਝ ਏਨੇ ਵੱਡੇ, ਏਨੇ ਵਿਸ਼ਾਲ ਰੂਪ ਵਿੱਚ ਹੋ ਰਿਹੈ ਤਾਂ ਇਹਨੇ ਸਾਡੀ-ਤੁਹਾਡੀ ਜ਼ਿੰਦਗੀ ਵਿੱਚ ਭੂਚਾਲ ਲੈਕੇ ਹੀ ਆਉਣੇ ਨੇ, ਸਮਾਜਿਕ/ਸੱਭਿਆਚਾਰਕ/ਰਾਜਨੀਤਕ/ ਧਾਰਮਿਕ/ਅੰਤਰ-ਰਾਸ਼ਟਰੀ, ਹਰ ਪੱਧਰ ਉੱਤੇ।

**ਬਚਪਨ ਦਾ ਪੱਧਰ ਹੀ ਲੈ ਲਓ** : ਜਿਹਨਾਂ ਦੀਆਂ ਭੈਣਾਂ ਨੇ ਉਹ ਜਾਣਦੇ ਨੇ ਕਿ ਭੈਣਾਂ ਕਿਵੇਂ ਅਰਮਾਨਾਂ ਨਾਲ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਨੇ, ਕਿੰਨੀਆਂ ਦੁਆਵਾਂ ਨਾਲ ਉਹਨਾਂ ਦੇ ਟਿੱਕੇ ਲਾਉਂਦੀਆਂ ਨੇ, ਕਈ ਥਾਵਾਂ 'ਤੇ ਆਪਣੇ ਵੀਰ ਦੇ ਸਿਰ 'ਤੇ ਜੌਂ ਵੀ ਟੰਗਦੀਆਂ ਨੇ। ਏਦਾਂ ਕਰਦੀਆਂ ਉਹ ਹਮੇਸ਼ਾ ਆਪਣੇ ਵੀਰ ਦੀ ਸੁੱਖ ਮੰਗਦੀਆਂ ਨੇ, ਸਿਰਫ ਇਕ ਸਾਲ ਨਹੀਂ..ਹਰ ਸਾਲ..ਇਹ ਮੋਹ-ਪਿਆਰ ਦੀ ਗੰਢ ਹੋਰ ਮਜ਼ਬੂਤ ਹੁੰਦੀ ਜਾਂਦੀ ਐ। ਜਿਹਨਾਂ ਦੇ ਭੈਣ ਨਹੀਂ ਉਹ ਇਸ ਆਨੰਦ ਨੂੰ ਮਾਣ ਹੀ ਨਹੀਂ ਕਰ ਸਕਦੇ ਤੇ ਜਿਹਨਾਂ ਕੁੜੀਆਂ ਦੇ ਵੀਰ ਨਹੀਂ, ਉਹ ਵੀ ਇਸ ਪਿਆਰੇ ਅਹਿਸਾਸ ਤੋਂ ਵਾਂਝੀਆਂ ਰਹਿ ਜਾਂਦੀਆਂ ਨੇ, ਰੱਬ ਹਰ ਭੈਣ ਨੂੰ ਵੀਰ ਤੇ ਹਰ ਵੀਰ ਨੂੰ ਭੈਣ ਦੇਵੇ!

ਬੱਚਿਓ! ਇਹ ਸੱਚ ਹੈ ਕਿ ਜਿੰਨਾ ਪਿਆਰ ਭੈਣ ਆਪਣੇ ਵੀਰ ਨੂੰ ਕਰਦੀ ਐ, ਹੋਰ ਕੋਈ ਨਹੀਂ ਕਰ ਸਕਦਾ। ਤੁਸੀਂ ਸੁਣਿਆ ਹੋਣੈ ਇਹ ਗੀਤ, 'ਵੀਰੇ ਦੇ ਫੁਲਕੇ ਨੂੰ, ਨੀਂ ਮੈਂ ਖੰਡ ਦਾ ਪਲੇਥਣ ਲਾਵਾਂ' ਇਹ ਸਿਰਫ ਫੁਲਕਾ ਬਣਾਉਣ ਦੀ ਗੱਲ ਨਹੀਂ, ਉਸ ਰੱਜ, ਉਸ ਤ੍ਰਿਪਤੀ ਦੀ ਗੱਲ ਹੈ, ਜਿਹੜੀ ਇਕ ਭੈਣ ਆਪਣੇ ਵੀਰ ਨੂੰ ਦੇਣਾ ਚਾਹੁੰਦੀ ਹੈ। ਉਹ ਹਰ ਪਲ ਆਪਣੇ ਵੀਰ ਦੀ ਸਲਾਮਤੀ ਲਈ ਅਰਦਾਸ ਕਰਦੀ ਹੈ ਤੇ ਹਰ ਉਹ ਕੁਝ ਕਰਨ ਲਈ ਤਤਪਰ ਰਹਿੰਦੀ ਹੈ ਜਿਸ ਨਾਲ ਉਹਦੇ ਵੀਰ ਨੂੰ ਪ੍ਰਸੰਨਤਾ ਮਿਲੇ...ਤੇ ਜਦੋਂ ਭੈਣਾਂ ਹੀ ਨਾ ਹੋਈਆਂ ਤਾਂ ਕੀ ਰਹਿ ਜਾਏਗਾ ਵੀਰਾਂ ਕੋਲ? ਪੈਸਾ ਇਨਸਾਨ ਨੂੰ ਉਹ ਖੁਸ਼ੀ ਕਦੀ ਨਹੀਂ ਦੇ ਸਕਦਾ ਜੋ ਮੋਹ-ਪਿਆਰ ਦੇ ਰਿਸ਼ਤੇ ਦਿੰਦੇ ਨੇ। ਰੱਖੜੀਆਂ ਹੀ ਨਹੀਂ, ਵੀਰਾਂ ਦੀਆਂ ਘੋੜੀਆਂ ਵੀ ਤਾਂ ਭੈਣਾਂ ਹੀ ਗਾਉਂਦੀਆਂ ਨੇ, ਲੱਖਾਂ ਰੀਝਾਂ ਨਾਲ ਉਹਦੇ ਸਿਹਰੇ ਬੰਨ੍ਹਦੀਆਂ ਨੇ, ਸਹੁਰੇ ਘਰ ਜਾ ਜੇ ਵੀ ਹਰ ਵੇਲੇ ਉਹਦੀ ਖ਼ੈਰ-ਸੁਖ ਮੰਗਦੀਆਂ ਨੇ, ਤਾਂ ਹੀ ਕਹਿੰਦੇ ਨੇ 'ਭੈਣਾਂ ਵਰਗਾ ਸਾਕ ਨਾ ਕੋਈ, ਰੁੱਸ ਕੇ ਨਾ ਬਹਿ ਜੀਂ ਵੀਰਨਾ' ਤੇ ਅੱਜ ਕੱਲ੍ਹ ਮਾਪੇ ਵੀਰਾਂ ਤੋਂ ਉਹ ਭੈਣਾਂ ਖੋਹ ਰਹੇ ਨੇ।

ਤੇ ਇਹ ਵੀ ਸੋਚੋ! ਤੁਹਾਡੀਆਂ ਸਾਥੀ ਵਿਦਿਆਰਥਣਾਂ, ਜਿਹੜੀਆਂ ਤੁਹਾਡੇ ਨਾਲ ਪੜ੍ਹਦੀਐਂ, ਮੁਕਾਬਲਿਆਂ ਵਿੱਚ ਭਾਗ ਲੈਂਦੀਐਂ, ਹੱਸਦੀਆਂ-ਖੇਡਦੀਐਂ, ਨੱਚਦੀਆਂ-ਗਾਉਂਦੀਐਂ, ਜਿਹਨਾਂ ਕਰਕੇ ਮਾਹੌਲ ਵਿੱਚ ਬਹਾਰ ਹੈ,



ਰੰਗਤ ਹੈ, ਜੇ ਇਹ ਨਾ ਹੁੰਦੀਆਂ ਤਾਂ?..ਜੇ ਕੱਲ੍ਹ ਨੂੰ ਨਾ ਹੋਣ ਤਾਂ?। ਕੀ ਤੁਹਾਨੂੰ ਚੰਗਾ ਲੱਗੇਗਾ ਇਹੋ ਜਿਹਾ ਬਦਰੰਗ ਬਚਪਨ ਬੱਚਿਓ?

**ਜਵਾਨੀ ਦੀ ਪੱਧਰ 'ਤੇ** : ਜਦੋਂ ਤੁਸੀਂ ਜਵਾਨ ਹੋਵੋਗੇ, ਜਾਂ ਜਿਹੜੇ ਜਵਾਨ ਨੇ, ਜਾਣਦੇ ਨੇ ਕਿ ਹਰ ਕਿਸੇ ਨੂੰ ਜੀਵਨ-ਸਾਥਣ ਦੀ ਲੋੜ ਹੁੰਦੀ ਹੈ, ਪਰ ਜੇ ਕੁੜੀਆਂ ਏਦਾਂ ਹੀ ਮਾਰ-ਮੁਕਾਈਆਂ ਗਈਆਂ ਤਾਂ ਵਿਆਹ ਹੋਣਗੇ ਕਿਹਦੇ ਨਾਲ? ਇਹ ਚੇਤਾਵਨੀਆਂ ਹੁਣੇ ਹੀ ਮਿਲਣ ਲੱਗ ਪਈਆਂ ਨੇ ਕਿ ਸਾਲ 2050 ਤੱਕ ਭਾਰਤ ਵਿੱਚ 28 ਮਿਲੀਅਨ ਮੁੰਡੇ ਕੁਆਰੇ ਰਹਿ ਜਾਣਗੇ। ..ਤੇ ਜਦੋਂ ਵਿਆਹ ਨਹੀਂ ਹੋਣਗੇ ਤਾਂ ਕੀ ਹੋਏਗਾ?..ਜੋ ਅੱਜ ਕੱਲ੍ਹ ਹੋ ਰਿਹੈ, ਜਿਸਨੂੰ ਤੁਸੀਂ ਟੀ.ਵੀ 'ਤੇ ਸਹਿਮੇ-ਸਹਿਮੇ ਜਹੇ ਦੇਖਦੇ ਓ, ਉਹ ਬੜੇ ਵਿਸ਼ਾਲ ਰੂਪ ਵਿੱਚ ਹੋਏਗਾ, ਬਹੁਤ ਕੁਝ ਗਲਤ-ਮਲਤ ਕੀਤਾ ਜਾਏਗਾ, ਜੋ ਅਸੀਂ ਆਪਣੀਆਂ ਧੀਆਂ-ਭੈਣਾਂ ਬਾਰੇ ਚਿਤਵ ਵੀ ਨਹੀਂ ਸਕਦੇ।

**ਧਾਰਮਿਕ ਪੱਧਰ 'ਤੇ** : ਤੁਸੀਂ ਕਦੀ ਨਾ ਕਦੀ ਗੁਰਦਵਾਰੇ ਮੰਦਿਰ ਵੀ ਜ਼ਰੂਰ ਜਾਂਦੇ ਹੋਵੋਗੇ, ਤੁਹਾਨੂੰ ਪਤਾ ਹੋਏਗਾ ਕਿ ਗੁਰਦਵਾਰਿਆਂ ਵਿੱਚ ਇਸਤਰੀ ਦੀ ਉਸਤਤ ਵਾਲੇ ਸ਼ਬਦ ਗਾਏ ਜਾਂਦੇ ਨੇ, ਉਸ ਨੂੰ ਸੁਲੱਖਣੀ ਕਿਹਾ ਜਾਂਦੈ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਸ਼ਬਦ, 'ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ' ਬਾਰੇ ਤਾਂ ਤੁਸੀਂ ਅਕਸਰ ਸੁਣਿਆ ਹੋਣੈਂ, ਮੰਦਿਰਾਂ ਵਿੱਚ ਰਾਮ ਤੋਂ ਪਹਿਲਾਂ ਸੀਤਾ ਦਾ ਨਾਂ ਲਿਆ ਜਾਂਦੈ, ਕ੍ਰਿਸ਼ਨ ਤੋਂ ਪਹਿਲਾਂ ਰਾਧਾ ਦਾ ਨਾਂ ਲਿਆ ਜਾਂਦੈ, ਦੇਵੀਆਂ ਦੀ ਅਰਾਧਨਾ ਕੀਤੀ ਜਾਂਦੀ ਹੈ, ਉਹਨਾਂ ਦੇ ਨਾਂ 'ਤੇ ਵਰਤ ਰੱਖੇ ਜਾਂਦੇ ਨੇ, ਕੰਜਕਾਂ ਪੂਜੀਆਂ ਜਾਂਦੀਐਂ ਤੇ ਉਹੀ ਲੋਕ ਕੰਜਕਾਂ ਨੂੰ ਮਾਰ ਰਹੇ ਨੇ, ਇਸਤਰੀਆਂ ਨਾਲ ਮੰਦਾ ਕਰ ਰਹੇ ਨੇ। ਤੁਹਾਨੂੰ ਗੁੱਸਾ ਨਹੀਂ ਆਉਂਦਾ ਇਹਨਾਂ ਦੋਗਲੇ ਲੋਕਾਂ 'ਤੇ? ਸੱਚ ਦੱਸੋ ਬੱਚਿਓ! ਇਹ ਗੱਲਾਂ ਜਾਣ ਕੇ ਤੁਹਾਨੂੰ ਗੁੱਸਾ ਨਹੀਂ ਆਉਂਦਾ?

**ਅੰਤਰ-ਰਾਸ਼ਟਰੀ ਪੱਧਰ 'ਤੇ** : 'ਭਾਰਤ ਨੂੰ ਲੜਕੀਆਂ ਦੇ ਜੰਮਣ ਲਈ ਸਭ ਤੋਂ ਖਤਰਨਾਕ ਦੇਸ਼ ਕਰਾਰ ਕੀਤਾ ਗਿਐ'

ਸੁਣਿਆ ਹੋਏਗਾ ਤੁਸੀਂ ਵੀ? ਆਪਣੇ ਦੇਸ਼ ਦੀ ਜੋ ਨਮੋਸ਼ੀ ਹੋਈ ਹੈ, ਉਸ ਦੀ ਵਿਦੇਸ਼ੀਆਂ ਨੇ ਘੋਟ ਘੋਟ ਕੇ ਚਰਚਾ ਕੀਤੀ ਐ। ਆਪਾਂ ਆਪਣੇ ਦੇਸ਼ ਨੂੰ ਕਿੰਨਾ ਪਿਆਰ ਕਰਦੇ ਹਾਂ! ਤੁਸੀਂ ਅਕਸਰ ਦੇਸ਼-ਪਿਆਰ ਦੇ ਗੀਤ ਗਾਉਂਦੇ ਓ, ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਸ਼ਹੀਦਾਂ ਨੂੰ ਸਿਰ ਝੁਕਾਉਂਦੇ ਓ, ਉਹਨਾਂ

ਦੀਆਂ ਕੁਰਬਾਨੀਆਂ ਯਾਦ ਕਰਦੇ ਓ! ਹੁਣ ਵੀ ਫੌਜੀ ਸਰਹੱਦਾਂ ’ਤੇ ਇਸ ਦੀ ਰਾਖੀ ਲਈ ਡਟੇ ਹੋਏ ਨੇ, ਆਪਣੀਆਂ ਜਾਨਾਂ ਵਾਰ ਰਹੇ ਨੇ, ਪਰ ਇਸ ਦੇਸ਼ ਦੇ ਵਾਸੀ ਪੰਜਾਬ ਦੀ, ਭਾਰਤ ਦੀ ਕਿਵੇਂ ਬੇਇਜ਼ਤੀ ਕਰਵਾ ਰਹੇ ਨੇ! ਕੀ ਤੁਹਾਨੂੰ ਨਹੀਂ ਲੱਗਦਾ ਕਿ ਤੁਸੀਂ ਖੜ੍ਹੇ ਹੋ ਕੇ ਉਹਨਾਂ ਨੂੰ ਸਵਾਲ ਪੁੱਛੋ ਕਿ ਇਹ ਕੀ ਕਰੀ ਜਾ ਰਹੇ ਓ? ਤੁਹਾਨੂੰ ਹੱਕ ਹੈ ਸਵਾਲ ਕਰਨ ਦਾ।

ਤੁਹਾਨੂੰ ਹੱਕ ਹੈ ਆਪਣੀ ਜ਼ਿੰਦਗੀ ’ਚੋਂ ਮਨਫ਼ੀ ਕੀਤਾ ਜਾ ਰਿਹਾ ਮਿੱਠਾ-ਪਿਆਰਾ ਰਿਸ਼ਤਾ ਮੰਗਣ ਦਾ। ਪੁੱਛੋ ਮੇਰੀ ਭੈਣ ਕਿੱਥੇ ਹੈ? ਜਿਵੇਂ ਤੁਸੀਂ ਕਹਿੰਦੇ ਓ, “ਮੈਨੂੰ ਪੀਜ਼ਾ ਚਾਹੀਦੈ, ਵੀਡੀਓ ਗੇਮ ਜਾਂ ਕੋਈ ਹੋਰ ਚੀਜ਼ ਚਾਹੀਦੀ ਐ” ਏਵੇਂ ਹੀ ਆਪਣੀ ਭੈਣ ਮੰਗੋ, ਮੰਮੀ-ਪਾਪਾ ਤੋਂ ਵੀ, ਰੱਬ ਤੋਂ ਵੀ।

ਭੈਣਾਂ ਤਾਂ ਪਹਿਲਾਂ ਹੀ ਮੰਗਦੀਆਂ ਨੇ ਭਰਾ, ਜਦੋਂ ਉਹ ਗਾਉਂਦੀਆਂ ਨੇ, ‘ਇਕ ਵੀਰ ਦੇਈਂ ਵੇ ਰੱਬਾ! ਸਹੁੰ ਖਾਣ ਨੂੰ ਬੜਾ ਚਿੱਤ ਕਰਦਾ’ ਇਸ ਲਈ ਇਸ ਬਦਰੀਤ ਨੂੰ ਰੋਕਣ ਲਈ ਆਪਣੇ ਛੋਟੇ ਛੋਟੇ ਪੱਬ ਚੁਕੋ! ਤੁਸੀਂ ਵੱਡੀਆਂ ਮੰਜ਼ਿਲਾਂ ਪਾ ਲਓਗੇ! ਭੁੱਲੇ ਲੋਕਾਂ ਨੂੰ ਇਸ ਕੌੜੀ ਸਚਾਈ ਬਾਰੇ ਦੱਸੋ ਕਿ ਜੇ ਕੁੜੀਆਂ ਹੀ ਮਾਰ ਦਿੱਤੀਆਂ ਤਾਂ ਜ਼ਿੰਦਗਾਨੀ ਹੀ ਖਤਮ ਹੈ, ਅੱਗੋਂ ਨਾ ਮੁੰਡੇ ਪੈਦਾ ਹੋਣਗੇ, ਨਾ ਕੁੜੀਆਂ।

ਜੋ ਅਸੀਂ ਅੱਜ ਕਰਦੇ ਹਾਂ ਉਸੇ ਦਾ ਅਸਰ ਸਾਡੇ ਕੱਲ੍ਹ ’ਤੇ ਹੋਣੈਂ, ਚੰਗਾ ਵੀ, ਬੁਰਾ ਵੀ। ਤੁਸੀਂ ਅੱਜ ਜੋ ਅੰਬ-ਅਮਰੂਦ ਜਾਂ ਹੋਰ ਫਲ਼ ਖਾਦੇ ਓ, ਉਹ ਅੱਜ ਤੋਂ ਕਈ ਸਾਲ ਪਹਿਲਾਂ ਬੀਜੇ ਗਏ ਸੀ, ਜਿਹੜੇ ਅੱਜ ਬੀਜੇ ਜਾਣਗੇ ਉਹਨਾਂ ਨੂੰ ਸਾਲਾਂ ਬਾਅਦ ਆਉਣ ਵਾਲੇ ਬੱਚੇ ਖਾਣਗੇ। ਜੇ ਕੋਈ ਬੂਟਿਆਂ ਨੂੰ ਪੁੱਟੇ ਤਾਂ ਤੁਹਾਨੂੰ ਪੁੱਟਣ ਵਾਲੇ ਨੂੰ ਰੋਕਣਾ ਪਏਗਾ, ਜੇ ਕੋਈ ਕੰਡੇ ਬੀਜੇ ਤਾਂ ਤੁਹਾਨੂੰ ਅਗਲੇ ਦਾ ਹੱਥ ਫੜਨਾ ਪਏਗਾ, ਮੈਂ ਜਿਸ ਬਦਰੀਤ ਬਾਰੇ ਤੁਹਾਨੂੰ ਦੱਸਿਐ, ਇਹ ਤੁਹਾਡੇ ਰਾਹਾਂ ਵਿੱਚ ਹੀ ਕੰਡੇ ਬੀਜੇ ਜਾ ਰਹੇ ਨੇ।

ਇਕ ਹੋਰ ਵੀ ਗੱਲ ਹੈ, ਲੋਕਾਂ ਨੂੰ ਦੱਸਣ ਦੇ ਵੀ ਤਰੀਕੇ ਹੁੰਦੇ ਨੇ, ਆਪਾਂ ਠਾਹ-ਡੰਡਾ ਨਹੀਂ ਮਾਰ ਸਕਦੇ ਹੁੰਦੇ, ਲੋਕਾਂ ਦੇ ਵਿਚਾਰਾਂ ਨੂੰ ਬਦਲਣਾ ਪੈਂਦੈ। ਆਪਣੀ ਕਲਾ ਨਾਲ, ਆਪਣੀ ਕਾਬਲੀਅਤ ਨਾਲ ਤੁਸੀਂ ਇਹ ਸਭ ਕਰ ਸਕਦੇ ਓ, ਗੀਤ ਗਾ ਸਕਦੇ ਓ, ਕਵਿਤਾਵਾਂ ਪੜ੍ਹ ਸਕਦੇ ਓ, ਵਿਚਾਰ-ਵਟਾਂਦਰੇ ਵਿੱਚ ਹਿੱਸਾ ਲੈ ਸਕਦੇ ਓ, ਭਾਸ਼ਨ-ਮੁਕਾਬਲੇ ਵਿੱਚ ਜਾ ਸਕਦੇ ਓ! ਨਾਟਕ ਖੇਡ ਸਕਦੇ ਓ! ਉਂਜ ਇਹ ਸਭ ਕੁਝ ਪਹਿਲਾਂ ਵੀ ਕਰਦੇ ਹੋਵੋਗੇ! ਜਿਉਂ ਜਿਉਂ ਵੱਡੇ ਹੋਵੋਗੇ ਇਸ ਕਾਰਜ ਵਿੱਚ ਹੋਰ ਸ਼ਿੱਦਤ ਨਾਲ ਭਾਗ ਲਵੋਗੇ! ਇਸ ਲਈ ਤੁਹਾਡੀ ਮੱਦਦ ਵਾਸਤੇ ਇਸ ਕਿਤਾਬ ਵਿੱਚ ਕੁਝ ਸਮੱਗਰੀ ਦੇ ਰਹੀ ਹਾਂ, ਇਸ ਨੂੰ ਆਪਣੀ ਸਿਆਣਪ ਨਾਲ ਜਾਂ ਕਿਸੇ ਅਧਿਆਪਕ ਦੀ ਸਹਾਇਤਾ ਨਾਲ ਲੋੜ ਅਨੁਸਾਰ



ਵਰਤ ਲੈਣਾ! ਤੁਹਾਡੀ ਜਾਣਕਾਰੀ ਲਈ ਇਹ ਵੀ ਦੱਸ ਦੇਵਾਂ ਕਿ ਇਸ ਕਿਤਾਬ ਵਿੱਚ ਸ਼ਾਮਿਲ ਬਹੁਤ ਸਾਰੀਆਂ ਰਚਨਾਵਾਂ ਪਹਿਲਾਂ ਹੀ ਕੁੜੀਆਂ ਨੂੰ ਬਚਾਉਣ ਅਤੇ ਕੰਨਿਆ ਭਰੂਣ ਹੱਤਿਆ ਬਾਰੇ ਪ੍ਰਤਿਯੋਗਤਾਵਾਂ ਵਿੱਚ ਇਨਾਮ ਲੈਣ ਵਿੱਚ ਕਾਮਯਾਬ ਹੋ ਸਕੀਆ ਹਨ। ਤੁਸੀਂ ਪੂਰੇ ਆਤਮਵਿਸ਼ਵਾਸ਼ ਨਾਲ ਇਹਨਾਂ ਨੂੰ ਪੇਸ਼ ਕਰ ਸਕਦੇ ਹੋ।

1. ਇਸ ਵਿਚੋਂ ਬਹੁਤ ਸਾਰੀਆਂ ਕਵਿਤਾਵਾਂ ਨਾਟਕ ‘ਚਿੜੀ ਦੀ ਅੰਬਰ ਵੱਲ ਉਡਾਣ’ ਰਾਹੀਂ ਧੀਆਂ ਦੇ ਨੋਚੇ ਹੋਏ ਖੰਭਾਂ ਨੂੰ ਫਿਰ ਤੋਂ ਉਗਾਣ ਵਿੱਚ ਸਮਰੱਥ ਹੋਈਆ ਹਨ। ਇਸ ਨਾਟਕ ਦੇ ਦੇਸ਼-ਵਿਦੇਸ਼ ਵਿੱਚ ਸੌ ਤੋਂ ਵੱਧ ਸ਼ੋਅ ਹੋ ਚੁੱਕੇ ਹਨ ਤੇ ਕਈ ਨਾਟਕ-ਮੁਕਾਬਲਿਆਂ ਵਿੱਚ ਇਹਨੂੰ ਪਹਿਲਾ ਇਨਾਮ ਮਿਲਿਆ ਹੈ, ਇਸਨੂੰ ਤੁਸੀਂ ਯੂ ਟਿਊਬ ’ਤੇ ਵੀ ਦੇਖ ਸਕਦੇ ਓ!
2. ਗੀਤ ‘ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ! ’-ਕੰਨਿਆ ਭਰੂਣ ਹੱਤਿਆ ਬਾਰੇ ਫਿਲਮ ‘ਕੰਮੋ’ ਅਤੇ ਅਤੇ ਨਾਟਕ ‘ਚਿੜੀ ਦੀ ਅੰਬਰ ਵੱਲ ਉਡਾਣ’ ਰਾਹੀਂ ਲੋਕਾਂ ਦੀ ਸੋਚ ਬਦਲ ਸਕਿਆ ਹੈ।
3. ਗੀਤ-‘ਨਾ ਤੂੰ ਚਿੱਠੀਆਂ ਪੜ੍ਹੀਆਂ ਮਾਏ!’ ਕਈ ਸਟੇਜਾਂ ਉੱਤੇ ਅੱਥਰੂਆਂ ਭਿੱਜੀ ਆਵਾਜ਼ ਵਿੱਚ ਗਾਇਆ ਗਿਆ। ਇਸਨੇ ‘ਚਿੜੀ ਦੀ ਅੰਬਰ ਵੱਲ ਉਡਾਣ’ ਰਾਹੀਂ ਵੀ ਸੁੱਤੀ ਹੋਈ ਮਮਤਾ ਨੂੰ ਜਗਾਇਆ ਹੈ।

ਪਾਠਕਾਂ, ਦਰਸ਼ਕਾਂ ਅਤੇ ਸਰੋਤਿਆਂ ਦੇ ਦਿਲਾਂ ਨੂੰ ਪਿਘਲਾਉਂਦੀਆਂ ਅਤੇ ਪੁਰਸਕਾਰ ਜਿੱਤਦੀਆਂ ਹੋਰ ਰਚਨਾਵਾਂ ਅਣਜੰਮੀ ਧੀ ਵੱਲੋਂ ਚਿੱਠੀ, ਕਹਾਣੀ, ਨਾਟਕ ਅਤੇ ਲੇਖ ਦੂਜੀ ਕਿਤਾਬ ‘ਧੀਆਂ ਨਾਲ ਜੱਗ ਵਸੇਂਦਾ’ ਵਿੱਚ ਸ਼ਾਮਿਲ ਹਨ, ਉਥੋਂ ਲੈ ਕੇ ਵਰਤ ਸਕਦੇ ਓ!

ਪਰ ਸਭ ਤੋਂ ਪਹਿਲਾਂ ਤੁਹਾਨੂੰ ਖ਼ੁਦ ਵਧੀਆ ਇਨਸਾਨ ਬਣਨਾ ਪਏਗਾ, ਏਨੇ ਵਧੀਆ ਕਿ ਤੁਹਾਡੇ ਮਾਪੇ ਆਪਣੇ ਆਪ ਨੂੰ ਬਹੁਤ ਹੀ ਵਡਭਾਗੇ ਸਮਝਣ, ਤੁਹਾਡੇ ਉੱਤੇ ਫ਼ਖ਼ਰ ਕਰਨ।

ਵਾਅਦਾ ਕਰੋ! ਕਿ ਆਪਣੀਆਂ ਭੈਣਾਂ ਨੂੰ, ਸਭ ਦੀਆਂ ਭੈਣਾਂ ਨੂੰ ਬਣਦਾ ਮਾਣ-ਸਤਿਕਾਰ ਦਿਓਗੇ!

ਵਾਅਦਾ ਕਰੋ! ਕਿ ਕੋਈ ਤੁਹਾਨੂੰ ਗ਼ਲਤ ਰਾਹੇ ਪਾਵੇ ਤਾਂ ਉਸ ਨੂੰ ਸਖਤੀ ਨਾਲ ਇਨਕਾਰ ਕਰ ਦਿਓਗੇ, ਬਲਕਿ ਅਗਲੇ ਨੂੰ ਸਹੀ-ਗ਼ਲਤ ਦੇ ਅਰਥ ਸਮਝਾਓਗੇ ਤੇ ਕਿਸੇ ਵੀ ਤਿਲ੍ਹਕਣ ਵਿੱਚ ਆਪਣੇ ਪੈਰਾਂ ਨੂੰ ਕਦੀ ਥਿੜਕਣ ਨਹੀਂ ਦਿਓਗੇ।

ਕੁੜੀਆਂ ਵੀ ਇਕਰਾਰ ਕਰਨ ਕਿ ਉਹ ਆਪਣੇ ਵੀਰਾਂ, ਆਪਣੇ ਮਾਪਿਆਂ ਦਾ ਵਿਸ਼ਵਾਸ਼ ਕਦੀ ਨਹੀਂ ਤੋੜਨਗੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਨੂੰ ਅਪਣਾ ਕੇ ਉਨ੍ਹਾਂ ਦੀ ਸ਼ੋਭਾ ਨੂੰ ਚਾਰ ਚੰਦ ਲਾਉਣਗੀਆਂ। ਤੇ ਹਾਂ.. ਜੇ ਤੁਹਾਡੇ ਘਰਾਂ ਵਿੱਚ, ਰਿਸ਼ਤੇਦਾਰੀ ਵਿੱਚ, ਆਂਢ-ਗਵਾਂਢ ਵਿੱਚ, ਸੜਕਾਂ-ਚੁਰਾਹਿਆਂ ਵਿੱਚ ਕੁੜੀਆਂ ਨਾਲ ਕੋਈ ਜ਼ੋਰ-ਜ਼ਬਰਦਸਤੀ ਹੋਵੇ ਤਾਂ ਉਸ ਖ਼ਿਲਾਫ ਡਟ ਕੇ ਖੜ੍ਹੇ ਹੋਵੋ! ਤੁਸੀਂ ਹੀ ਸਾਡੇ ਭਗਤ ਸਿੰਘ ਹੋ, ਤੁਸੀਂ ਹੀ ਜਵਾਹਰ ਲਾਲ ਹੋ, ਇਸ ਦੇਸ਼ ਨੂੰ, ਸਮਾਜ ਨੂੰ ਖੁਸ਼ਹਾਲ ਤੁਸੀਂ ਹੀ ਬਣਾਉਣਾ ਹੈ।

ਵਧੋ ਫੁਲੋ! ਜ਼ਿੰਦਗੀ ਵਿੱਚ ਕੁਝ ਬਣੋ! ਤੁਹਾਡੇ ਖਾਨਦਾਨ ਦਾ ਨਾਂ ਰੌਸ਼ਨ ਹੋਵੇ! ਸਕੂਲ ਦਾ, ਕਾਲਜ ਦਾ, ਪਿੰਡ-ਸ਼ਹਿਰ ਦਾ ਨਾਂ ਰੌਸ਼ਨ ਹੋਵੇ! ਪੰਜਾਬ ਦਾ ਨਾਂ ਰੌਸ਼ਨ ਹੋਵੇ! ਹਿੰਦੁਸਤਾਨ ਦਾ ਨਾਂ ਰੌਸ਼ਨ ਹੋਵੇ!

ਲੱਖਾਂ ਅਸੀਸਾਂ ਤੇ ਦੁਆਵਾਂ ਨਾਲ

**ਤੁਹਾਡੀ ਦੀਦੀ**



*ਰਲ ਮਿਲ ਕੇ ਆਓ ਹੁਣ ਯਤਨ ਕਰੀਏ*
*ਤ੍ਰਿੰਜਣ ਜ਼ਿੰਦਗੀ ਦਾ ਏਦਾਂ ਰੁੱਸੇ ਨਾ ਹੁਣ*
*ਚਰਖਾ ਫੇਰ ਤੋਂ ਗਿੜੇ ਖੁਸ਼ਹਾਲੀਆਂ ਦਾ*
*ਮਾਹਲ ਟੁੱਟੇ ਨਾ ਹੁਣ, ਹੱਥੀ ਛੁੱਟੇ ਨਾ ਹੁਣ*
*ਸਿੱਧਾ ਤੱਕਲਾ ਹੋਵੇ ਨਸੀਬ ਵਾਲਾ*
*ਘੂਕਰ ਰੁਕੇ ਨਾ ਹੁਣ, ਗੀਤ ਮੁੱਕੇ ਨਾ ਹੁਣ*
*ਹਾਸਾ ਫੇਰ ਤੋਂ ਛਣਕ ਪਏ ਕੰਜਕਾਂ ਦਾ*
*ਕੋਈ ਤੰਦ ਅਧਵਾਟਿਉਂ ਟੁੱਟੇ ਨਾ ਹੁਣ!*

# ਉਹਨਾਂ ਰਾਹਾਂ ਤੋਂ ਸਦਕੜੇ ਲੱਖ ਵਾਰੀ





*ਸਮਾਗਮ/ਪ੍ਰਤਿਯੋਗਤਾ*
*ਵਿੱਚ ਵਰਤਣ ਲਈ ਕਾਵਿ-ਟੁਕੜੀਆਂ*



**ਮੰਚ-ਸੰਚਾਲਕ ਕਿਸੇ ਪੇਸ਼ਕਾਰੀ, ਭਾਸ਼ਨ ਆਦਿ ਤੋਂ ਪਹਿਲਾਂ ਜਾਂ ਪਿਛੋਂ, ਜਾਂ ਕਿਸੇ ਹੋਰ ਕਾਰਵਾਈ ਸਮੇਂ, ਮੌਕੇ ਮੁਤਾਬਿਕ ਇਹਨਾਂ ਕਾਵਿ-ਟੁਕੜੀਆਂ ਵਿਚੋਂ ਕੁਝ ਵਰਤ ਕੇ ਪ੍ਰੋਗਰਾਮ ਵਿਚ ਗੂੜ੍ਹੇ ਰੰਗ ਭਰ ਸਕਦਾ ਹੈ।**

1. **ਸਵਾਗਤੀ ਬੋਲ** :

ਉਹਨਾਂ ਰਾਹਾਂ ਤੋਂ ਸਦਕੜੇ ਲੱਖ ਵਾਰੀ,
ਜਿਹਨਾਂ ਰਾਹਾਂ 'ਤੇ ਚੱਲਕੇ ਆਏ ਤੁਸੀਂ
ਤੁਹਾਡੇ ਇਕ ਇਕ ਕਦਮ ਨੂੰ 'ਜੀਅ ਆਇਆਂ'
ਏਦਾਂ ਸਾਡੇ ਜੋ ਬੋਲ ਪੁਗਾਏ ਤੁਸੀਂ

2. **ਮਹਿਮਾਨਾਂ ਨੂੰ ਫੁੱਲ-ਗੁਲਦਸਤੇ ਆਦਿ ਦੇਣ ਵੇਲੇ** :

ਮਿੱਠਤਾਂ ਦੀ ਬਾਤ ਪਾਉਣਾ, ਖ਼ੁਸ਼ਬੂ ਆਬਾਦ ਕਰਨਾ
ਕੰਡਿਆਂ ਦੀ ਗੱਲ ਤੋਂ ਪਹਿਲਾਂ, ਫੁੱਲਾਂ ਨੂੰ ਯਾਦ ਕਰਨਾ

3. **ਸ਼ਮਾ ਰੌਸ਼ਨ ਹੋਣ 'ਤੇ** :

ਸ਼ਮਾ ਜਲ ਗਈ ਹੈ ਪਰਵਾਨਿਆਂ ਦੀ ਖ਼ਾਤਿਰ
ਚਾਨਣ ਖਿੰਡਾਉਣ ਵਾਲੇ ਦੀਵਾਨਿਆਂ ਦੀ ਖ਼ਾਤਿਰ
ਕਰੀਏ ਸਬੀਲ ਕੋਈ, ਥੋਹਰਾਂ ਦੀ ਫ਼ਸਲ ਮੁੱਕੇ
ਗੁਲਾਬ ਬੀਜ ਦੇਈਏ, ਵੀਰਾਨਿਆਂ ਦੀ ਖ਼ਾਤਿਰ

4. **ਪ੍ਰੋਗਰਾਮ ਸ਼ੁਰੂ ਕਰਨ ਵੇਲੇ** :

ਦਿਨ ਅੱਜ ਦਾ ਸੋਚਾਂ ਦੇ ਰੰਗ ਵਰਗਾ
ਗੋਰੀ ਵੀਣੀ 'ਚੋਂ ਤਿੜਕਦੀ ਵੰਗ ਵਰਗਾ
ਆਓ ਬੰਨ੍ਹੀਏ ਸਮਾਂ ਰੁਮਾਲ ਦੇ ਵਿੱਚ
ਕਿਤੇ ਜ਼ਹਿਰ ਵਰਗਾ, ਕਿਤੇ ਖੰਡ ਵਰਗਾ

5. **ਕਿਸੇ ਪੇਸ਼ਕਾਰੀ ਤੋਂ ਪਹਿਲਾਂ** :

ਸਟੇਜ ਜ਼ਿੰਦਗੀ ਦੀ 'ਤੇ, ਬੜੇ ਸ਼ਾਹਕਾਰ ਹੁੰਦੇ ਨੇ
ਜੋ ਸੱਚ ਦੇ ਰੂਬਰੂ ਕਰਦੇ, ਉਹ ਕਲਾਕਾਰ ਹੁੰਦੇ ਨੇ



6. **ਜੇ ਕੋਈ ਉੱਠ ਕੇ ਜਾਣ ਲੱਗੇ** :

1. ਅਜੇ ਤਾਂ ਰੰਗ ਬੜੇ ਨੇ ਬਾਕੀ, ਹੁਣੇ ਜੇ ਛੱਡ ਕੇ ਜਾਓਗੇ
ਜਦ ਕੋਈ ਦੱਸੂ, ਕੀ ਕੁਝ ਹੋਇਆ, ਫੇਰ ਬੜਾ ਪਛਤਾਓਗੇ

2. ਮੁਹੱਬਤ ਮੁਹੱਬਤ ਕਹੀ ਜਾ ਰਹੇ ਹੋ,
ਮੁਹੱਬਤ ਕਰੋ ਤੇ ਨਿਭਾਓ ਤਾਂ ਜਾਣਾਂ
ਜੋ ਮਹਿਫਲ 'ਚੋਂ ਉੱਠ ਕੇ ਤੁਰੇ ਜਾ ਰਹੇ ਨੇ
ਉਹਨਾਂ ਨੂੰ ਲਿਆ ਕੇ ਬਿਠਾਓ ਤਾਂ ਜਾਣਾਂ

7. **ਆਖਿਰ ਵਿੱਚ ਧੰਨਵਾਦ ਕਰਨ ਸਮੇਂ** :

1. ਜਿਹਨਾਂ 'ਤੇ ਚੱਲ ਆਏ ਤੁਸੀਂ, ਰਾਹਾਂ ਦਾ ਸ਼ੁਕਰੀਆ
ਕਦਮਾਂ ਦਾ ਸ਼ੁਕਰੀਆ, ਨਿਗਾਹਾਂ ਦਾ ਸ਼ੁਕਰੀਆ
ਸ਼ੁਕਰੀਆ ਹਰ ਬੋਲ ਦਾ, ਹਰ ਲਫਜ਼, ਹਰ ਅਹਿਸਾਸ ਦਾ
ਜੋ ਲਏ ਤੁਸੀਂ ਇਸ ਮਹਿਫਲ ਵਿੱਚ, ਸਾਹਾਂ ਦਾ ਸ਼ੁਕਰੀਆ

2. ਸ਼ੁਕਰੀਆ ਆਏ ਤੁਸੀਂ, ਅੱਜ ਦੇ ਤਰਾਨੇ
ਏਥੋਂ ਦੀ ਸੋਹਣੀ ਫ਼ਿਜ਼ਾ ਗਾਉਂਦੀ ਰਹੇਗੀ
ਬੀਜ ਚੱਲੇ ਹੋ ਜਿਹੜੇ ਫੁੱਲਾਂ ਦੀ ਖੇਤੀ
ਮਹਿਕ ਉਹਨਾਂ 'ਚੋਂ ਸਦਾ ਆਉਂਦੀ ਰਹੇਗੀ

•

**ਪੇਸ਼ਕਾਰ ਆਪਣੇ ਗੀਤ, ਕਵਿਤਾ, ਨਾਟਕ ਜਾਂ ਭਾਸ਼ਨ ਦੇ ਸ਼ੁਰੂ ਜਾਂ ਅਖੀਰ ਵਿੱਚ ਕੋਈ ਢੁਕਵੀਂ ਕਾਵਿ-ਟੁਕੜੀ ਵਰਤ ਕੇ ਆਪਣੀ ਪੇਸ਼ਕਾਰੀ ਪ੍ਰਭਾਵਸ਼ਾਲੀ ਬਣਾ ਸਕਦਾ ਹੈ :**

ਕਿਥੋਂ ਸੂਈ ਧਾਗਾ ਲੱਭਾਂ, ਕਿਸ ਵਿਧ ਟਾਕੀ ਲਾਵਾਂ?
ਕੁੱਖ ਆਪਣੀ ਨੂੰ ਲੀਰਾਂ ਲੀਰਾਂ ਕਰ ਰਹੀਆਂ ਨੇ ਮਾਵਾਂ
...
ਮੋੜੇ ਨਾ ਜੇ ਵਹਿਣ ਰਾਤਾਂ ਕਾਲੀਆਂ ਦੇ,
ਹਰ ਉਜਾਲਾ ਕਾਲਖਾਂ ਨੇ ਰੰਗ ਲੈਣੈ
ਜੇ ਕਿਸੇ ਵੀ ਮਾਂਦਰੀ ਨਾ ਬੀਨ ਛੇੜੀ,
ਵਿਸ਼ੀਅਰਾਂ ਹੀਰਾਂ ਦਾ ਟੋਲਾ ਡੰਗ ਲੈਣੈ
...
ਹੋ ਗਏ ਕਾਤਿਲ ਮਸੀਹੇ, ਗਿਰਝਾਂ ਝੁਰਮਟ ਪਾਇਆ
ਏਤੀ ਮਾਰ ਪਈ ਕੁਰਲਾਣੈਂ, ਤੈਂ ਕੀ ਦਰਦ ਨਾ ਆਇਆ?
...
ਸੁੱਕ ਕੇ ਝੜ ਗਈ ਜਿਹੜੀ, ਨਿਖੱਫਣੀ ਹੜ੍ਹ ਗਈ ਜਿਹੜੀ
ਉਹ ਪੱਤੀ ਹਰੀ ਸੀ, ਪਰ ਡਾਲ ਨੂੰ ਮਨਜ਼ੂਰ ਨਾ ਹੋਈ
...
ਸਾਥੋਂ ਸਾਂਭੀਆਂ ਨਿਆਮਤਾਂ ਨਾ ਗਈਆਂ, ਬੰਜਰਾਂ 'ਚ ਸੁੱਟ ਦਿੱਤੀਆਂ
...
ਕਿਸੇ ਕੁੱਖ 'ਚੋਂ ਨਿਆਣੀ ਕੂਕੀ, ਧਰਤੀ ਨੂੰ ਚਿੱਬ ਪੈ ਗਿਆ
...
ਨਾਰੀ ਸ਼ਹਿਦ ਦਾ ਛੰਨਾ, ਭੁੱਲਿਆ ਲੋਕਾ ਵੇ!
ਮੋਹ ਨਾਲ ਲਿਖਿਆ ਪੰਨਾ, ਝੱਲਿਆ ਲੋਕਾ ਵੇ!
ਦੇਸੀਂ ਤੇ ਪਰਦੇਸੀਂ, ਏਹੀਓ ਹੋਕਾ ਵੇ!
...



**ਅੱਤਿਆਚਾਰ ਸਹਿ ਕੇ ਉਦਾਸ ਨਿਰਾਸ਼ ਹੋਈ ਕੁੜੀ ਨੂੰ** :

1. ਹੰਝੂਆਂ ਦੀ ਤੰਦ ਲੈ ਕੇ ਕੋਈ ਸੋਨ-ਖ਼ਾਬ ਬੁਣੀਏ
ਆ ਜਾ! ਕਿ ਮੱਥੇ ਉੱਤੇ ਆਪੇ ਹੀ ਲੇਖ ਖੁਣੀਏ
ਕੌਤਕ ਕੋਈ, ਟੁੱਟਿਆਂ ਖੰਭਾਂ ਦੇ ਅੰਦਰ ਧਰੀਏ
ਆ! ਤਾਰਿਆਂ ਵੱਲ ਫੇਰ ਤੋਂ ਆਪਾਂ ਉਡਾਣ ਭਰੀਏ!

2. ਭੁੱਬਲ ਦੇ ਹੇਠਾਂ ਸੁੱਤੀਆਂ ਚਿਣਗਾਂ ਨੂੰ ਆ ਜਗਾਈਏ
ਆ ਜਾ ਕਿ ਮਨ ਦੇ ਰੋਹ ਨੂੰ, ਜੇਰੇ ਦੀ ਜਾਗ ਲਾਈਏ
ਇਨਸਾਫ ਦੇ ਲਈ ਲੜੀਏ, ਜ਼ਾਲਿਮ ਦੇ ਅੱਗੇ ਅੜੀਏ
ਤੇ ਹਉਕਿਆਂ ਨੂੰ ਹਾਸਿਆਂ ਵਿੱਚ ਬਦਲ ਕੇ ਦਿਖਾਈਏ!

3. ਸੂਹੇ ਫੁੱਲ ਤੇ ਸਾਵੇ ਕਿਆਰੇ ਨੇ ਤੇਰੇ
ਉੱਤੇ ਝੀਲਾਂ ਦੇ ਤਰਦੇ ਸ਼ਿਕਾਰੇ ਨੇ ਤੇਰੇ
ਜ਼ਰਾ ਦੇਖ ਤਾਂ ਸਹੀ, ਕਿਤੇ ਨਜ਼ਰ ਭਰ ਕੇ
ਇਹ ਸੂਰਜ, ਇਹ ਚੰਦ-ਸਿਤਾਰੇ ਨੇ ਤੇਰੇ

4. ਤੇਰੇ ਅੰਦਰ ਜੋਸ਼ ਦੀ ਲਾਟ ਲਿਸ਼ਕੇ
ਵੰਡੇਂ ਹੌਸਲੇ ਸਭ ਨੂੰ ਚੁਫੇਰੇ
ਤੇਰੀ ਹਿੰਮਤ ਬਣੇ ਤਕਦੀਰ ਤੇਰੀ
ਖ਼ੁਸ਼ੀਆਂ ਆ ਕਿਰਨ ਰਾਹਾਂ 'ਚ ਤੇਰੇ

**ਉਸ ਕੁੜੀ ਵੱਲੋਂ ਜਿਸ ਅੰਦਰ ਜ਼ੁਲਮਾਂ ਖ਼ਿਲਾਫ ਰੋਹ ਭਰ ਗਿਆ ਹੈ:**

1. ਜਿਹੜੇ ਹੱਥ ਨੇ ਮੇਰਾ ਇਹ ਹਸ਼ਰ ਕੀਤਾ,
ਰੇਖਾ ਉਹਦੀ ਹਰੇਕ, ਮਿਟਾਵਾਂਗੀ ਮੈਂ
ਤੈਨੂੰ ਧਰਤੀ ਨੇ ਨਹੀਂਉਂ ਪਨਾਹ ਦੇਣੀ,
ਬਣ ਕੇ ਨਵੀਂ ਨਾਰੀ ਜਦੋਂ ਆਵਾਂਗੀ ਮੈਂ

2. ਇਕ ਦਿਨ ਉਡਾਂਗੀ ਮੈਂ, ਨਾਲ ਜਾਲ਼ ਲੈ ਕੇ
ਨਿੱਕਲ ਆਵਾਂਗੀ ਬਾਹਰ ਮੈਂ, ਦਲਦਲ ਦੇ ਵਿੱਚੋਂ
ਇਕ ਦਿਨ ਉਗੇਗਾ ਸਿਰ, ਵੱਢੀ ਧੌਣ ਉੱਤੇ
ਹੋ ਜਾਵਾਂਗੀ ਖੜ੍ਹੀ, ਮੈਂ ਮਕਤਲ ਦੇ ਵਿਚੋਂ

3. ਇੱਕ ਦਿਨ ਹੰਘਾਲਣੇ ਮੈਂ ਸਭ ਪਤਾਲ
ਇੱਕ ਦਿਨ ਖਹਿਣਾ ਹੈ ਮੈਂ ਅੰਬਰ ਦੇ ਨਾਲ
ਬੋਚਣੀ, ਤਲੀਆਂ 'ਤੇ ਧਰਤੀ ਬੋਚਣੀ
ਪਾਉਣੇ ਨੇ ਚੰਦ ਤਾਰਿਆਂ 'ਤੇ ਆਲ੍ਹਣੇ

•



*ਕਾਲਖ ਪੂੰਝ ਦੇਣਾ ਧੁੱਪ ਦਾ ਵਟਣਾ ਲਗਾ ਦੇਣਾ*
*ਮੈਲੀ ਜ਼ਿੰਦਗੀ ਨੂੰ ਸੁੱਚ ਦੀ ਨਦੀਏ ਨੁਹਾ ਦੇਣਾ*
*ਨਾ ਹੋਰ ਟੋਏ ਪੁੱਟਣਾ, ਨਾ ਹੋਰ ਧੀਆਂ ਦੱਬਣਾ*
*ਫੁੱਲਾਂ ਵਾਸਤੇ ਥੋੜ੍ਹੀ ਜਿਹੀ ਧਰਤੀ ਬਚਾ ਲੈਣਾ*

# ਮੈਨੂੰ ਨਾ ਤੂੰ ਮਾਰੀਂ ਮਾਂ!



**ਕੰਨਿਆ/ਕੰਨਿਆ-ਭਰੂਣ ਹੱਤਿਆ ਖ਼ਿਲਾਫ਼ ਵਰਜਦੇ, ਦਾਜ, ਬਲਾਤਕਾਰ ਜਾਂ ਹੋਰ ਜ਼ੁਲਮਾਂ ਖ਼ਿਲਾਫ਼ ਜੂਝਣ ਦੀ ਪ੍ਰੇਰਨਾ ਦਿੰਦੇ ਗੀਤ**



**ਇਹਨਾਂ ਗੀਤਾਂ ਨੂੰ ਇਕੱਲਿਆਂ ਜਾਂ ਗਰੁੱਪ ਦੇ ਤੌਰ 'ਤੇ ਵੀ ਗਾਇਆ ਜਾ ਸਕਦਾ ਹੈ ਅਤੇ ਢੁਕਵੇਂ ਵੇਸ ਬਣਾ ਕੇ ਕਾਵਿ-ਨਾਟ ਦੇ ਤੌਰ 'ਤੇ ਵੀ ਪੇਸ਼ ਕੀਤਾ ਜਾ ਸਕਦਾ ਹੈ।**

## ਤੂੰ ਆ ਹਰਿੱਕ ਵਿਹੜੇ ਵਿੱਚ

**ਕੁੱਖ ਵਿਚਲੀ ਕੰਨਿਆ ਨੂੰ :**

ਤੂੰ ਆ ਹਰਿੱਕ ਵਿਹੜੇ ਵਿੱਚ
ਪੁੰਨਿਆ ਦੀ ਰਾਤ ਬਣ ਕੇ
ਆਵਣਗੇ ਇਕ ਦਿਨ ਤਾਰੇ
ਤੇਰੀ ਬਰਾਤ ਬਣ ਕੇ

ਤੂੰ ਖਿੜ ਹਰਿੱਕ ਵਿਹੜੇ ਵਿੱਚ
ਸੱਜਰਾ ਗੁਲਾਬ ਬਣ ਕੇ
ਅੰਮੜੀ ਦੇ ਹਉਕਿਆਂ ਲਈ
ਹੱਸਦਾ ਜਵਾਬ ਬਣ ਕੇ

ਆ ਵੀਰ ਦੇ ਸਿਹਰੇ ਲਈ
ਕਿਰਨਾਂ ਦੀ ਤੰਦ ਬਣ ਕੇ
ਆ ਭੈਣ ਲਈ ਸ਼ਗਨਾਂ ਦਾ
ਕੋਈ ਬਾਜ਼ੂਬੰਦ ਬਣ ਕੇ

ਉੱਡ ਬਾਗ ਵਿੱਚ ਬਾਬਲ ਦੇ
ਸੱਧਰਾਂ ਦੀ ਤਿਤਲੀ ਬਣਕੇ
ਜ਼ੁਲਮਾਂ ਦੇ ਬੱਦਲਾਂ 'ਚੋਂ
ਲੰਘ ਜਾਈਂ ਬਿਜਲੀ ਬਣ ਕੇ

ਤੂੰ ਰਾਜ-ਭਾਗ ਮਾਣੇਂ
ਖਲਕਤ ਸਵਾਲੀ ਹੋਵੇ
ਹਰ ਘਰ 'ਚ ਤੇਰੇ ਵਰਗੀ
ਕੋਈ ਕਰਮਾਂ ਵਾਲੀ ਹੋਵੇ।



ਜ਼ਿੰਦਗੀ ਦੇ ਸਫ਼ਰ ਅੰਦਰ
ਔਖੀ ਘੜੀ ਨਾ ਆਵੇ
ਰੱਬ ਤੇਰੀ ਝੋਲੀ ਦੇ ਵਿੱਚ
ਖ਼ੁਸ਼ੀਆਂ ਹਜ਼ਾਰਾਂ ਪਾਵੇ

•

## ਨਾ! ਮੰਮੀ ਨਾ!

**ਕੁੱਖ ਵਿਚਲੀ ਧੀ ਦੀ ਪੁਕਾਰ, ਜਦੋਂ ਉਹਨੂੰ ਪਤਾ ਲੱਗਦੈ ਕਿ ਉਹ ਮਾਰੀ ਜਾਣ ਵਾਲੀ ਹੈ, ਉਂਜ ਇਹ ਪੁਕਾਰ ਉਸ ਮਾਂ ਲਈ ਵੀ ਹੈ, ਜੋ ਜਨਮ ਤੋਂ ਬਾਅਦ ਉਹਨੂੰ ਕਿਤੇ ਸੁੱਟ ਦਿੰਦੀ ਐ..ਅਸਲ ਵਿੱਚ ਇਹ ਫਰਿਆਦ ਪਾਪਾ, ਦਾਦੀ-ਦਾਦਾ ਤੇ ਬਾਕੀ ਰਿਸ਼ਤੇਦਾਰਾਂ ਸਭ ਨੂੰ ਹੀ ਹੈ, ਸਿਰਫ ਮਾਂ ਨੂੰ ਨਹੀਂ** :

ਨਾ! ਮੰਮੀ ਨਾ!
ਮੈਨੂੰ ਨਾ ਤੂੰ ਮਾਰੀਂ ਮਾਂ! ਹਾੜ੍ਹਾ ਨਾ ਵਿਸਾਰੀਂ ਮਾਂ!
ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ!

ਕਲੀ ਤੇਰੇ ਬਾਗਾਂ ਦੀ ਹਾਂ, ਪਰੀ ਤੇਰੇ ਖ਼ਾਬਾਂ ਦੀ ਹਾਂ
ਮਿਸ਼ਰੀ ਹਾਂ, ਮੈਨੂੰ ਤੱਤੇ ਪਾਣੀ 'ਚ ਨਾ ਵਾੜੀਂ ਮਾਂ
ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ!

ਵੇਲ-ਬੂਟੇ, ਚੰਨ ਤਾਰੇ, ਮੈਂ ਵੀ ਵੇਖ ਲਾਂ'ਗੀ ਸਾਰੇ
ਹੋਵਾਂ ਅੰਬਰਾਂ ਦੀ ਹਾਣੀ, ਅੱਧੀ ਵਾਟੋਂ ਨਾ ਉਤਾਰੀਂ ਮਾਂ
ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ!

ਪੁੱਤ ਹੁੰਦਾ ਪਾਲ਼ ਲੈਂਦੀ, ਹੱਥੀਂ ਧੀ ਨੂੰ ਵਢੇਂਦੀ
ਮਾਏ! ਇਹ ਕੀ ਕਰੇਂਦੀ, ਹਾਇ! ਇਹ ਕੀ ਕਰੇਂਦੀ?
ਲਾ ਕੇ ਦਾਜ ਦਾ ਬਹਾਨਾ, ਨਾ ਤੂੰ ਕਹਿਰ ਗੁਜ਼ਾਰੀਂ ਮਾਂ
ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ!

ਪਾਵਾਂ ਵਿਹੜੇ ਛਣਕਾਰ, ਧੀਆਂ ਮਾਵਾਂ ਦਾ ਸ਼ਿੰਗਾਰ
ਉੱਡਾਂ ਚਿੜੀਆਂ ਦਾ ਚੰਬਾ ਬਣ, ਇਉਂ ਨਾ ਧੱਕਾ ਮਾਰੀਂ ਮਾਂ
ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ!



ਤਾਹਨੇ ਮਿਹਣਿਉਂ ਡਰੀਂ ਨਾ, ਗਹਿਣੇ ਕੁੱਖ ਨੂੰ ਕਰੀਂ ਨਾ
ਮੇਰੀ ਜਿੰਦ ਨੂੰ ਬਚਾ ਲਈਂ, ਦੇਖੀਂ ਜੱਗ ਤੋਂ ਨਾ ਹਾਰੀਂ ਮਾਂ
ਨਾ! ਮੰਮੀ ਨਾ! ਮੈਨੂੰ ਨਾ ਤੂੰ ਮਾਰੀਂ ਮਾਂ!

ਮੈਨੂੰ ਡੋਲੀ ਵਿੱਚ ਤੋਰੀਂ, ਏਦਾਂ ਅਰਥੀ ਨਾ ਚਾੜ੍ਹੀਂ ਮਾਂ
ਨਾ! ਮੰਮੀ ਨਾ! ਨਾ! ਮੰਮੀ ਨਾ! ਨਾ! ਮੰਮੀ ਨਾ!

•

## ਨਾ ਤੂੰ ਚਿੱਠੀਆਂ ਪੜ੍ਹੀਆਂ ਮਾਏ !

**ਕੁੱਖ ਵਿੱਚ ਮਾਰ ਦਿੱਤੀ ਗਈ ਜਾਂ ਜੰਮਣ ਪਿਛੋਂ ਮਰਨ ਲਈ ਸੁੱਟ ਦਿੱਤੀ ਗਈ ਧੀ ਦੀ ਵੇਦਨਾ** :

ਨਾ ਤੂੰ ਚਿੱਠੀਆਂ ਪੜ੍ਹੀਆਂ ਮਾਏ!
ਨਾ ਤੂੰ ਹੂਕਾਂ ਸੁਣੀਆਂ
ਨਾ ਤੂੰ ਮੇਰੀ ਪੀੜ ਪਛਾਣੀ
ਨਾ ਤੂੰ ਕੂਕਾਂ ਸੁਣੀਆਂ

ਸਕੀਏ ਨੀਂ! ਨੀਂ ਸਕੀਏ ਮਾਏ!
ਤੂੰ ਤੇ ਪਾਪਾ ਰਲ ਕੇ
ਕੱਚੀ ਨੀਂਦ ਜਗਾਇਆ ਮੈਨੂੰ
ਖ਼ੂਬ ਦਲੀਲਾਂ ਬੁਣੀਆਂ

ਦਾਜ ਦਾ ਪਿੰਜਰਾ ਤੋੜ ਸਕੇ ਨਾ
ਮੈਨੂੰ ਪਿੰਜਰ ਕੀਤਾ
ਖੋਹ ਲਏ ਗੁੱਡੀਆਂ ਅਤੇ ਪਟੋਲੇ
ਖੋਹ ਲਈਆਂ ਛੁਣਛੁਣੀਆਂ

ਜੁਗ ਜੁਗ ਜੀਓ ਮਾਪੜਿਓ ਵੇ!
ਮੈਂ ਹੁਣ ਵਿਦਾ ਹਾਂ ਹੁੰਦੀ
ਪੁੱਤ ਜਾਣ ਲਏ ਮੱਖਣ
ਧੀਆਂ ਲੱਸੀ ਵਾਂਗਰ ਪੁਣੀਆਂ।

•



## ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ !

ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ!
ਜੀ ਮੈਂ ਜੱਗ ਵਿੱਚ ਫਿਰਦਾ ਹਾਂ ਹਾਰਿਆ!

ਸਾਰੇ ਚਾਈਂ ਚਾਈਂ ਰੱਖੜੀ ਬੰਨ੍ਹਾਉਂਦੇ ਨੇ
ਫਿਰ ਆ ਕੇ ਇਕ ਦੂਜੇ ਨੂੰ ਦਿਖਾਉਂਦੇ ਨੇ
ਸੀਨਾ ਜਾਂਦੈ ਤੰਗਲ਼ੀ ਦੇ ਨਾਲ ਪਾੜਿਆ
ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ!

ਭੈਣਾਂ ਵਰਗਾ ਨਾ ਦੁਨੀਆਂ 'ਤੇ ਸਾਕ ਵੇ!
ਜਦੋਂ ਵੀਰਾ ਕਹਿ ਕੇ ਮਾਰਦੀ ਐ ਹਾਕ ਵੇ!
ਬੰਦਾ ਜਾਂਦੈ ਅਸਮਾਨ ਉੱਤੇ ਚਾੜ੍ਹਿਆ
ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ!

ਮੈਂ ਵੀ ਭੈਣ ਨੂੰ ਡੋਲੀ ਦੇ ਵਿੱਚ ਪਾਊਂਗਾ
ਫੇਰ ਤੀਆਂ ਨੂੰ ਸੰਧਾਰਾ ਲੈ ਕੇ ਜਾਊਂਗਾ
ਜਦੋਂ ਮਾਮਾ ਬਣੂ ਦਿਲ ਜਾਊ ਠਾਰਿਆ
ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ!

ਮੇਰੇ ਵਿਆਹ ਦੀਆਂ ਘੋੜੀਆਂ ਉਹ ਗਾਊਗੀ
ਸਿਹਰਾ ਬੰਨ੍ਹ, ਨਾਲੇ ਕਲਗੀ ਸਜਾਊਗੀ
ਭੈਣ ਬਿਨਾਂ ਕਿੱਦਾਂ ਜਾਊਂ ਮੈਂ ਸ਼ਿੰਗਾਰਿਆ?
ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ!

ਭੈਣਾਂ ਬਿਨਾਂ ਕਾਹਦਾ ਦੁਨੀਆਂ 'ਚ ਸੀਰ ਵੇ?
ਏਹੀ ਸਾਕ ਜਿਹੜਾ ਨਿੱਭਦਾ ਅਖੀਰ ਵੇ
ਸੰਗ ਮਿੱਤਰਾਂ ਰਲ਼ਾ ਦੇ, ਮਿਹਰਾਂ ਵਾਲਿਆ!
ਇਕ ਭੈਣ ਦੇ ਦੇ ਰੱਬਾ ਵੇ ਪਿਆਰਿਆ!

•

## ਅਸੀਂ ਲੀਰੋ-ਲੀਰ ਹੋਈਆਂ ਗੁਡੀਆਂ

ਅਸੀਂ ਕੱਚੜੇ ਸੰਧੂਰ ਦੀਆਂ ਡਲੀਆਂ
ਹੌਲੀ ਹੌਲੀ ਟੁੱਟ ਵੇ ਰਹੀਆਂ
ਅਸੀਂ ਲਵੀਆਂ ਗੁਆਰ ਦੀਆਂ ਫਲੀਆਂ
ਔੜਾਂ ਵਿੱਚ ਸੁੱਕ ਵੇ ਰਹੀਆਂ

ਕੁੱਖ ਮਾਵਾਂ ਦੀ ਕਤਲਗਾਹ ਹੋਈ
ਸਾਡਾ ਧਰਤੀ 'ਤੇ ਸਾਕ ਨਾ ਕੋਈ
ਸਾਡੀ ਕਿਸੇ ਨਾ ਸੁਣੀ ਅਰਜ਼ੋਈ
ਰੋ ਰੋ ਕਰ ਚੁੱਪ ਵੇ ਗਈਆਂ
ਸਾਡੇ ਟੁਟ ਗਏ ਧੌਣ ਦੇ ਮਣਕੇ
ਦੁਨੀਆਂ ਤੋਂ ਉੱਠ ਵੇ ਰਹੀਆਂ

ਸਾਡੇ ਫੱਟਾਂ ਦੀ ਨਾ ਗਿਣਤੀ ਕੋਈ
ਸਾਡੀ ਰੂਹ ਅੰਬਰਾਂ ਤੱਕ ਰੋਈ
ਅਸੀਂ ਕੱਚ ਦੀਆਂ ਕਿਰਚਾਂ ਚਬਾ ਕੇ
ਲਹੂ ਵਿੱਚ ਭਿੱਜ ਵੇ ਰਹੀਆਂ
ਜਿੰਦੇ ਲਾ ਕੇ ਖ਼ਾਮੋਸ਼ੀਆਂ ਵਾਲੇ
ਵਿੱਚੋ ਵਿੱਚ ਰਿੱਝ ਵੇ ਰਹੀਆਂ

ਸਾਡੇ ਦੁਖਣ ਅੱਖਾਂ ਦੇ ਕੋਏ
ਸਾਡੇ ਆਪਣੇ ਬਗਾਨੜੇ ਹੋਏ
ਅਸੀਂ ਪੰਜ ਦਰਿਆਵਾਂ ਦੀਆਂ ਜਾਈਆਂ
ਕੰਢਿਆਂ ਤੋਂ ਭੁਰ ਵੇ ਰਹੀਆਂ
ਸਾਡੇ ਪਾਣੀਆਂ ਨੇ ਕਹਿਰ ਕਮਾਏ
ਵਿਚੋ ਵਿਚ ਖੁਰ ਵੇ ਰਹੀਆਂ



ਕੀਤੇ ਡੱਬੀਆਂ 'ਚ ਕੈਦ ਦੰਦਾਸੇ
ਸਾਡੇ ਹੋਂਠਾਂ ਉੱਤੋਂ ਲਾਹ ਲਏ ਹਾਸੇ
ਅਸੀਂ ਪਿੰਜਰੇ 'ਚ ਪਿੰਜੀਆਂ ਗਈਆਂ
ਮਰ ਮਰ ਜੀ ਵੇ ਰਹੀਆਂ
ਸਾਰੇ ਅੱਥਰੂ ਚੁੰਨੀ ਦੇ ਲੜ ਬੰਨ੍ਹ ਕੇ
ਦਰਦਾਂ ਨੂੰ ਪੀ ਵੇ ਰਹੀਆਂ

ਸਾਡੇ ਖੰਭ ਨੋਚੇ, ਮੱਥੇ ਪਾੜੇ
ਸਾਨੂੰ ਨਿੱਤ ਨਵੀਂ ਅੱਗ ਸਾੜੇ
ਸਾਡੀ ਜੂਨ ਸਰਾਪੀ ਹੋਈ
ਥੋਹਰਾਂ ਵਿੱਚ ਉੱਗ ਵੇ ਰਹੀਆਂ
ਅਸੀਂ ਲੀਰੋ-ਲੀਰ ਹੋਈਆਂ ਗੁਡੀਆਂ
ਨ੍ਹੇਰੀਆਂ 'ਚ ਉੱਡ ਵੇ ਰਹੀਆਂ।

•

## ਤੇਰੇ ਲਈ ਖ਼ੁਸ਼ੀਆਂ ਦਾ ਨਗ਼ਮਾ ਬਣਾਂਗੀ

ਮੇਰੇ ਜਨਮ 'ਤੇ ਨਾ ਉਦਾਸ ਹੋ ਮਾਏ!
ਤੇਰੇ ਲਈ ਖ਼ੁਸ਼ੀਆਂ ਦਾ ਨਗ਼ਮਾ ਬਣਾਂਗੀ
ਸੀਨੇ ਦਾ ਪੱਥਰ ਨਾ ਆਖ ਵੇ ਬਾਬਲ!
ਸੀਨੇ ਲਈ ਤੇਰੇ, ਮੈਂ ਤਗ਼ਮਾ ਬਣਾਂਗੀ

ਨਾ ਕੁੱਖ ਦੇ ਵਿੱਚ ਮਾਰੀਂ, ਨਾ ਪਿੱਛੋਂ ਵਿਸਾਰੀਂ
ਵੀਰੇ ਦੇ ਵਾਂਗਰ ਹੀ, ਬਚਪਨ ਸੁਆਰੀਂ
ਉੱਚੀਆਂ ਪੜ੍ਹਾਈਆਂ ਤੇ ਰੁਤਬੇ ਵੀ ਉੱਚੇ
ਮੈਂ ਕੋਈ ਵੱਖਰਾ ਮੁਜੱਸਮਾ ਬਣਾਂਗੀ

ਉੱਦਮ ਦੀਆਂ ਪੈਰੀਂ ਬਾਂਕਾਂ ਪੁਆ ਦੇ
ਮੱਥੇ ਦੇ ਵਿੱਚ ਕੋਈ ਦੀਵਾ ਜਗਾ ਦੇ
ਮੋਤੀਆ ਉੱਤਰੂ ਮੈਲ਼ੀ ਅੱਖ ਅੰਦਰ
ਮੈਂ ਕੋਈ ਐਸਾ ਕ੍ਰਿਸ਼ਮਾ ਬਣਾਂਗੀ

ਜਦੋਂ ਸ਼ਾਮਾਂ ਉੱਤਰ ਆਈਆਂ ਥੋਡੇ ਵਿਹੜੇ
ਇਕੱਲਾਂ-ਉਦਾਸੀਆਂ ਨੇ ਲਾਏ ਡੇਰੇ
ਆਊਂਗੀ ਹਾਸੇ ਦੀ ਮਹਿਕਾਰ ਲੈ ਕੇ
ਮੈਂ ਥੰਮ੍ਹ ਕੋਈ, ਸਗ਼ਮੇ ਦਾ ਸਗ਼ਮਾ ਬਣਾਂਗੀ

ਮੇਰੇ ਜਨਮ 'ਤੇ ਵੈਣ ਪਾ ਨਾ ਨੀਂ ਮਾਏ!
ਤੇਰੇ ਲਈ ਬਹਾਰਾਂ ਦਾ ਨਗ਼ਮਾ ਬਣਾਂਗੀ
ਸੀਨੇ ਦਾ ਪੱਥਰ ਨਾ ਆਖ ਵੇ ਬਾਬਲ!
ਸੀਨੇ ਲਈ ਤੇਰੇ, ਮੈਂ ਤਗ਼ਮਾ ਬਣਾਂਗੀ।

•



## ਕੁੜੀਆਂ ਮਿਸ਼ਰੀ ਦੀਆਂ ਪੁੜੀਆਂ

ਕੁੜੀਆਂ ਮਿਸ਼ਰੀ ਦੀਆਂ ਪੁੜੀਆਂ, ਸਮੇਂ ਮਿਰਚਾਂ ਤੋਂ ਕੌੜੇ
ਯੁੱਗਾਂ ਯੁੱਗਾਂ ਤੋਂ ਤੁਰੀਆਂ ਚੁੱਕ ਪੀੜਾਂ ਦੇ ਤੌੜੇ.........

ਨਾ ਅੰਬਰ ਮਿਲਿਆ ਇਹਨਾਂ ਨੂੰ ਨਾ ਧਰਤੀ ਕੋਈ
ਮਿਲੀ ਤਾਂ ਮਿਲੀ ਹੰਢਾਉਣ ਨੂੰ ਲਾਜਾਂ ਦੀ ਲੋਈ
ਅੱਖ ਝਮਕਣ ਤਾਂ ਗਰਜਦੇ ਖ਼ੂੰ-ਖ਼ਾਰ ਹਥੌੜੇ
ਕੁੜੀਆਂ ਮਿਸ਼ਰੀ ਦੀਆਂ ਪੁੜੀਆਂ, ਸਮੇਂ ਮਿਰਚਾਂ ਤੋਂ ਕੌੜੇ....

ਇਹ ਆਪਣੇ ਆਪ ਨੂੰ ਲੱਭਦੀਆਂ ਕਿਸ ਜਨਮ'ਚ ਆਈਆਂ
ਜਾਂ ਗਰਭ-ਜੂਨ ਵਿੱਚ ਮਾਰੀਆਂ ਜਾਂ ਪਿਛੋਂ ਮੁਕਾਈਆਂ
ਤੰਗ ਵਿਹੜੇ ਕੰਤ ਦੇ ਮਹਿਲਾਂ ਦੇ ਤੇ ਬੂਹੇ ਚੌੜੇ
ਕੁੜੀਆਂ ਮਿਸ਼ਰੀ ਦੀਆਂ ਪੁੜੀਆਂ, ਸਮੇਂ ਮਿਰਚਾਂ ਤੋਂ ਕੌੜੇ....

ਇਹ ਨਵੀਂ ਪਨੀਰੀ ਸਿਰਜ ਕੇ ਜ਼ਿੰਦਗਾਨੀ ਵੰਡਣ
ਇਹ ਸੁਫ਼ਨੇ ਬੀਜਣ ਵਾਲੀਆਂ ਸੱਚ ਸਾਹਵੇਂ ਹੰਭਣ
ਕੋਈ ਮੰਗੇ 'ਅਗਨ ਪ੍ਰੀਖਿਆ' ਕੋਈ ਮੋਹਰਾਂ ਲੋੜੇ
ਕੁੜੀਆਂ ਮਿਸ਼ਰੀ ਦੀਆਂ ਪੁੜੀਆਂ ਸਮੇਂ ਮਿਰਚਾਂ ਤੋਂ ਕੌੜੇ....

ਸਿਦਕਾਂ ਦੀਆਂ ਪਹਿਰੇਦਾਰਨਾਂ ਦੇ ਪੈਰੀਂ ਬੇੜੀ
ਇਹ ਚਾਨਣ ਦੀਆਂ ਵਣਜਾਰਨਾਂ ਤਕਦੀਰ ਤਰੇੜੀ
ਇਹ ਭੱਖੜੇ ਚੁਗਦੀਆਂ ਬੁਲਬੁਲਾਂ ਭੁੱਲ ਮਿਲਦੇ ਥੋੜ੍ਹੇ
ਕੁੜੀਆਂ ਮਿਸ਼ਰੀ ਦੀਆਂ ਪੁੜੀਆਂ, ਸਮੇਂ ਮਿਰਚਾਂ ਤੋਂ ਕੌੜੇ....

ਹੁਣ ਤਾਂ ਇਹਨਾਂ ਨੂੰ ਆਪਣੀ ਜੰਗ ਲੜਨੀ ਪੈਣੀ
ਆਪਣੇ ਹੱਕਾਂ ਦੀ ਆਪ ਗਵਾਹੀ ਭਰਨੀ ਪੈਣੀ
ਹੁਣ 'ਪੀਆ' ਉਹੀ ਜੋ ਮੋਢੇ ਦੇ ਸੰਗ ਮੋਢਾ ਜੋੜੇ
ਕੁੜੀਆਂ ਮਿਸ਼ਰੀ ਦੀਆਂ ਪੁੜੀਆਂ, ਸਮੇਂ ਮਿਰਚਾਂ ਤੋਂ ਕੌੜੇ....
ਯੁੱਗਾਂ ਯੁੱਗਾਂ ਤੋਂ ਤੁਰੀਆਂ ਚੁੱਕ ਪੀੜਾਂ ਦੇ ਤੌੜੇ................।

•



## ਅਜੇ ਨਾ ਸੱਦ ਬਰਾਤਾਂ ਮਾਏ!

ਅਜੇ ਨਾ ਸੱਦ ਬਰਾਤਾਂ ਮਾਏ! ਅਜੇ ਨਾ ਸੱਦ ਪ੍ਰਾਹੁਣੇ
ਅਜੇ ਨਾ ਦੇ ਲਾਵਾਂ, ਫੇਰ ਨਾ ਇਹ ਦਿਨ ਆਉਣੇ

ਅਜੇ ਤਾਂ ਮਾਂ ਮੇਰੀ ਉਮਰ ਕੱਚ ਦੀ
ਠੋਕਰ 'ਤੇ ਭੁਰ ਜਾਣਾ
ਅਜੇ ਤਾਂ ਮੈਂ ਮਿੱਟੀ ਦਾ ਬਾਵਾ
ਪਾਣੀ ਵਿੱਚ ਖੁਰ ਜਾਣਾ
ਅਜੇ ਮੈਂ ਪੜ੍ਹਨ ਕਾਲਜੇ ਜਾਣਾ, ਅਜੇ ਮੈਂ ਲੇਖ ਲਿਖਾਉਣੇ
ਅਜੇ ਨਾ ਦੇ ਲਾਵਾਂ, ਫੇਰ ਨਾ ਇਹ ਦਿਨ ਆਉਣੇ

ਘਰ-ਗ੍ਰਹਿਸਤ ਦੀ ਧੁੱਪੜੀ ਤਿੱਖੀ
ਸੇਕ ਤੋਂ ਅਜੇ ਬਚਾ ਲੈ
ਅੰਬੜੀਏ ਨੀਂ! ਜੀਣ ਜੋਗੀਏ
ਛਾਵੇਂ ਅਜੇ ਬਿਠਾ ਲੈ
ਅਜੇ ਨਾ ਪਾਵੀਂ ਜ਼ਿੰਮੇਵਾਰੀ, ਅਜੇ ਮੈਂ ਸੁੱਖ ਹੰਢਾਉਣੇ
ਅਜੇ ਨਾ ਦੇ ਲਾਵਾਂ, ਫੇਰ ਨਾ ਇਹ ਦਿਨ ਆਉਣੇ

ਅਜੇ ਨਰਮ ਮੈਂ ਗੰਦਲ ਮਾਏ!
ਅਜੇ ਨਾ ਕੋਈ ਤੋੜੇ
ਨਾ ਭੁੱਲ ਸਕਦੀ ਨਿੱਘ ਤੁਹਾਡਾ
ਨਾ ਝੱਲ ਸਕਾਂ ਵਿਛੋੜੇ
ਅਜੇ ਸਿਖਾਉਣੀ ਉਚ-ਨੀਚ ਤੂੰ
ਅਜੇ ਤੂੰ ਢੰਗ ਸਿਖਾਉਣੇ
ਅਜੇ ਨਾ ਦੇ ਲਾਵਾਂ, ਫੇਰ ਨਾ ਇਹ ਦਿਨ ਆਉਣੇ

ਉਮਰ ਹੋਈ ਤੋਂ ਵਿਆਹ ਦਈਂ ਮੈਨੂੰ
ਸੱਦ ਲਈਂ ਜੰਨ-ਪ੍ਰਾਹੁਣੇ
ਅਜੇ ਨਾ ਦੇ ਲਾਵਾਂ, ਫੇਰ ਨਾ ਇਹ ਦਿਨ ਆਉਣੇ।

•

## ਬਾਬਲ ! ਵਿਦਿਆ ਕਰੇਂਦਿਆ...

**ਪੇਕਿਆਂ ਨੂੰ ਮੁਖਾਤਿਬ ਹੋ ਕੇ, ਸਹੁਰਿਆਂ ਦੇ ਦਿਲਾਂ ਨੂੰ ਪਿਘਲਾਉਣ ਦੀ ਕੋਸ਼ਿਸ਼ ਕਰਦੀ, ਡੋਲੀ ਚੜ੍ਹਦੀ ਧੀ ਦੀ ਪੁਕਾਰ :**

ਬਾਬਲ ! ਵਿਦਿਆ ਕਰੇਂਦਿਆ!
ਮੇਰੀ ਇੱਕੋ ਈ ਅਰਜ਼ ਸੁਣੀਂ......
ਅਰਜ਼ ਸੁਣੀਂ! ਧਰਮੀ ਰਾਜਿਆ!
ਮੇਰੀ ਆਖਰੀ ਅਰਜ਼ ਸੁਣੀਂ......

ਬੋਹੜ ਜਿਹੀ ਸੀ ਤੇਰੀ ਛਾਂ ਬਾਬਲ!
ਕਿਵੇਂ ਸਿਖਰਾਂ ਦੀ ਧੁੱਪ ਸਹੂੰ ?
ਲਡਿਆਉਂਦੀ ਸੀ ਮੇਰੀ ਮਾਂ ਬਾਬਲ!
ਕਿਵੇਂ ਸੱਸ ਦੀ ਚੁੱਪ ਸਹੂੰ ?
ਕੁੜਮਾਂ ਨੂੰ ਹੱਥ ਜੁੜੇਂਦਿਆ!
ਮੁੱਲ ਪੈਣਾ ਨਾ ਧੀ ਦਾ ਗੁਣੀਂ
ਬਾਬਲ ! ਵਿਦਿਆ ਕਰੇਂਦਿਆ....

ਟੁਕੜਾ ਤੇਰੇ ਜਿਗਰ ਦਾ ਬਾਬਲ
ਕਿਸੇ ਤੌੜੀ 'ਚ ਜਾ ਰਿੱਝਣੈਂ
ਤਪਦੇ ਹੋਏ ਤਾਹਨਿਆਂ ਦੇ
ਤੰਦੂਰ 'ਚ ਜਾ ਡਿੱਗਣੈਂ
ਰੱਤੜਾ ਸਾਲੂ ਦੇਂਦਿਆ!
ਕੱਲ੍ਹ ਚਿੱਟੜਾ ਕਫਨ ਬੁਣੀਂ...
ਬਾਬਲ ! ਵਿਦਿਆ ਕਰੇਂਦਿਆ...



ਬਾਗ ਤੇਰੇ ਦੀ ਕੂੰਜ ਬਾਬਲ!
ਕੁਰਲਾਉਂਦੀ ਰਹਿ ਜਾਊਗੀ
ਐਨੇ ਹੰਝੂ ਪੂੰਝੂਗੀ
ਸਾਰੀ ਮਹਿੰਦੀ ਲਹਿ ਜਾਊਗੀ
ਮੱਥਾ ਮੇਰਾ ਚੁੰਮੇਂਦਿਆ!
ਮੱਥਾ ਆਪਣਾ ਕੱਲ੍ਹ ਧੁਣੀਂ......
ਬਾਬਲ! ਵਿਦਿਆ ਕਰੇਂਦਿਆ...

ਰੱਜ ਰੱਜ ਕੇ ਸਾਨੂੰ ਤੱਕ ਲੈ ਵੇ!
ਅਸੀਂ ਮੁੜ ਕੇ ਆਣਾ ਨਹੀਂ
ਅੱਜ ਦੀ ਰਾਤੀਂ ਰੱਖ ਲੈ ਵੇ!
ਫਿਰ ਤਰਲਾ ਪਾਣਾ ਨਹੀਂ
ਭੁੱਲ ਆਪਣਾ ਡੋਲੀ ਬਿਠੇਂਦਿਆ!
ਕੱਲ੍ਹ ਇਹਦੇ ਫੁੱਲ ਚੁਣੀਂ
ਬਾਬਲ ! ਵਿਦਿਆ ਕਰੇਂਦਿਆ...............

ਬਾਬਲ ! ਵਿਦਿਆ ਕਰੇਂਦਿਆ
ਮੇਰੀ ਇੱਕੋ ਈ ਅਰਜ਼ ਸੁਣੀਂ
ਅਰਜ਼ ਸੁਣੀਂ! ਧਰਮੀ ਰਾਜਿਆ!
ਮੇਰੀ ਆਖਰੀ ਅਰਜ਼ ਸੁਣੀਂ......।

•

## ਸਿਵਿਆਂ 'ਚੋਂ ਸੁਣੀਂਦਾ ਰੁਦਨ

ਮੈਂ ਪਿਆਰ ਲੈ ਕੇ ਆਈ ਸੀ, ਓ ਮੈਨੂੰ ਮਾਰਨ ਵਾਲਿਆ!
ਗੁਲਜ਼ਾਰ ਲੈ ਕੇ ਆਈ ਸੀ, ਓ ਮੈਨੂੰ ਸਾੜਨ ਵਾਲਿਆ!

ਫੇਰੇ ਲੈ ਕੇ, ਰੱਬ ਅੱਗੇ ਓ ਸਿਰ ਝੁਕਾਣ ਵਾਲਿਆ!
ਜਨਮਾਂ ਦਾ ਸਾਥ ਦੇਣ ਦੀ, ਓ ਕਸਮ ਖਾਣ ਵਾਲਿਆ!
ਫਿਰ ਆਪ ਕਸਮਾਂ ਤੋੜ ਕੇ, ਮੈਨੂੰ ਉਜਾੜਨ ਵਾਲਿਆ!
ਤੂੰ ਰੱਬ ਨੂੰ ਵੀ ਭੁੱਲਿਆ! ਓ ਮੈਨੂੰ ਮਾਰਨ ਵਾਲਿਆ!

ਜਿੰਦ ਤੇਰੇ ਨਾਮ ਲਾਈ ਸੀ, ਤੂੰ ਤਾਰ ਦਿੱਤਾ ਬਾਲਮਾ!
ਜੱਗ ਸਾਰਾ ਛੱਡ ਕੇ ਆਈ ਸੀ, ਤੂੰ ਮਾਰ ਦਿੱਤਾ ਜ਼ਾਲਮਾ!
ਦਾਣਿਆਂ ਦੇ ਵਾਂਗ, ਭੱਠੀ ਵਿੱਚ ਰਾੜ੍ਹਨ ਵਾਲਿਆ!
ਮੈਂ ਪਿਆਰ ਲੈ ਕੇ ਆਈ ਸੀ, ਓ ਮੈਨੂੰ ਸਾੜਨ ਵਾਲਿਆ!

ਰੱਖਦੀ ਸਾਂ ਕਰਵੇ ਚੌਥ ਮੈਂ, ਤੇਰੀ ਜਿੰਦ ਲਈ, ਤੇਰੀ ਜਾਨ ਲਈ
ਹਰ ਥਾਂ ਸੀ ਮੱਥੇ ਟੇਕਦੀ, ਤੇਰੇ ਮੁੱਖ ਦੀ ਮੁਸਕਾਨ ਲਈ
ਅਰਦਾਸਾਂ ਸੱਭੇ ਮੇਰੀਆਂ, ਮਿੱਧਣ-ਲਿਤਾੜਨ ਵਾਲਿਆ!
ਤੂੰ ਰੱਬ ਨੂੰ ਵੀ ਭੁੱਲਿਆ! ਓ! ਮੈਨੂੰ ਮਾਰਨ ਵਾਲਿਆ!

ਮੈਨੂੰ ਵੀ ਸੀ ਮਾਂ-ਬਾਪ ਨੇ ਲਾਡਾਂ ਦੇ ਨਾਲ ਪਾਲ਼ਿਆ
ਤੈਨੂੰ ਸਭ ਤੋਂ ਚੰਗਾ ਜਾਣ ਕੇ, ਧੀ ਦੇ ਕੇ ਪੁੱਤ ਬਣਾ ਲਿਆ
ਕਾੜ੍ਹਨੀ ਵਿੱਚ ਖ਼ੂਨ ਇਉਂ ਉਹਨਾਂ ਦਾ ਕਾੜ੍ਹਨ ਵਾਲਿਆ!
ਮੈਂ ਪਿਆਰ ਲੈ ਕੇ ਆਈ ਸੀ, ਓ ਮੈਨੂੰ ਸਾੜਨ ਵਾਲਿਆ!



ਬੇਦਰਦੀਆ! ਬੇਗ਼ੈਰਤਾ! ਤੂੰ ਬਹੁਤ ਕੀਤਾ ਤੰਗ ਵੇ
ਲਟ ਲਟ ਬਲੇ ਸਿਵਾ ਮੇਰਾ, ਤੈਨੂੰ ਨਾ ਆਵੇ ਸੰਗ ਵੇ
ਲੋਭ-ਚਰਖੜੀ 'ਤੇ ਮੇਰੀ ਜਿੰਦ ਚਾੜ੍ਹਨ ਵਾਲਿਆ!
ਤੂੰ ਰੱਬ ਨੂੰ ਵੀ ਭੁੱਲਿਆ! ਓ ਮੈਨੂੰ ਮਾਰਨ ਵਾਲਿਆ!

ਮੈਂ ਪਿਆਰ ਲੈ ਕੇ ਆਈ ਸੀ, ਓ ਮੈਨੂੰ ਮਾਰਨ ਵਾਲਿਆ!
ਗੁਲਜ਼ਾਰ ਲੈ ਕੇ ਆਈ ਸੀ, ਓ ਮੈਨੂੰ ਸਾੜਨ ਵਾਲਿਆ!

•

## ਡੋਲੀਓਂ ਲਹਿੰਦੀਆਂ ਨੂੰਹਾਂ ਦਾ ਗੀਤ

ਕਣਕ ਛੋਲਿਆਂ ਦਾ ਖੇਤ, ਜੀ ਨਿਸਰੇਗਾ ਹੌਲੀ ਹੌਲੀ
ਬਾਬਲ ਧਰਮੀ ਦਾ ਦੇਸ, ਜੀ ਵਿਸਰੇਗਾ ਹੌਲੀ ਹੌਲ਼ੀ

ਅਸੀਂ ਮੋਹ ਦਿਆਂ ਛਰਾਟਿਆਂ ਨੂੰ ਪਿੱਛੇ ਛੱਡ ਆਈਆਂ
ਅਸੀਂ ਅੰਮੜੀ ਦੇ ਕਾਲਜੇ ਦਾ ਰੁੱਗ ਵੱਢ ਲਿਆਈਆਂ
ਵਗੇ ਹੰਝੂਆਂ ਦਾ ਚੇਤਾ, ਜੀ ਬਿਖਰੇਗਾ ਹੌਲੀ ਹੌਲ਼ੀ
ਬਾਬਲ ਧਰਮੀ ਦਾ ਦੇਸ, ਜੀ ਵਿਸਰੇਗਾ ਹੌਲੀ ਹੌਲ਼ੀ

ਪਾ ਮੁਹੱਬਤਾਂ ਦੇ ਸੱਗੀ-ਫੁੱਲ, ਤੁਹਾਡੇ ਦਰ ਆਈਆਂ
ਬਿੰਦੀ ਸਿਦਕਾਂ ਦੀ, ਟੂੰਮਾਂ ਨੇ ਹੁਨਰ ਦੀਆਂ ਪਾਈਆਂ
ਸਾਡਾ ਤੇਜ, ਸਾਡਾ ਰੂਪ, ਜੀ ਨਿੱਖਰੇਗਾ ਹੌਲੀ ਹੌਲੀ
ਬਾਬਲ ਧਰਮੀ ਦਾ ਦੇਸ, ਜੀ ਵਿਸਰੇਗਾ ਹੌਲੀ ਹੌਲ਼ੀ

ਸਾਨੂੰ ਨਦੀਆਂ ਨੂੰ, ਦਾਜ ਦੇ ਨਾ ਭਾਂਬੜੀਂ ਮਚਾਇਓ
ਅਸੀਂ ਛੱਡੇ ਨੇ ਪਹਾੜ, ਸਾਡੇ ਕੰਢੇ ਬਣ ਜਾਇਓ
ਸਾਂਝਾਂ ਸਿਖਰਾਂ ਦਾ ਪੁਲ, ਜੀ ਉਸਰੇਗਾ ਹੌਲੀ ਹੌਲੀ
ਬਾਬਲ ਧਰਮੀ ਦਾ ਦੇਸ, ਜੀ ਵਿਸਰੇਗਾ ਹੌਲੀ ਹੌਲ਼ੀ

ਢਾਕੀਂ ਗਾਗਰਾਂ ਟਿਕਾਈਆਂ, ਅਸੀਂ ਫੇਰ ਵੀ ਤਿਹਾਈਆਂ
ਤੁਹਾਡੀ ਧਰਤੀ 'ਚ ਲਾਚੀਆਂ ਦੇ ਬੂਟੇ ਲਾਉਣ ਆਈਆਂ
ਨੀਲੀ ਝੀਲ ਉੱਤੇ ਚੰਦ, ਜੀ ਨਿਤਰੇਗਾ ਹੌਲੀ ਹੌਲੀ
ਬਾਬਲ ਧਰਮੀ ਦਾ ਦੇਸ, ਜੀ ਵਿਸਰੇਗਾ ਹੌਲੀ ਹੌਲ਼ੀ।

•



## ਕਦੇ ਭੁੱਲਣ ਨਾ ਧੀਆਂ ਬਾਬਲ ਧਰਮੀ ਦਾ ਦੇਸ

ਹੋਵੇ ਚੜ੍ਹਦੀ ਉਮਰ, ਭਾਵੇਂ ਲਹਿੰਦੀ ਵਰੇਸ
ਕਦੇ ਭੁੱਲਣ ਨਾ ਧੀਆਂ ਬਾਬਲ ਧਰਮੀ ਦਾ ਦੇਸ

ਪੋਲੇ ਪੱਬੀਂ ਤੁਰ ਪੈਂਦੈ ਇਹ ਤਾਂ ਧੀਆਂ ਦੇ ਪਿੱਛੇ
ਰਹੇ ਦਿੰਦਾ ਦੁਆਵਾਂ, ਤੱਤੀ ਠੰਢੜੀ ਰੁੱਤੇ
ਸੌਂਦੈ ਰੂਹ ਦੇ ਪੰਘੂੜੇ ਤਾਣ 'ਸੀਸਾਂ ਦਾ ਖੇਸ
ਕਦੇ ਭੁੱਲਣ ਨਾ ਧੀਆਂ .....................

ਭਾਵੇਂ ਮਾਹੀ ਦਾ ਸੰਗ, ਹੋਵੇ ਸੁਰਗਾਂ ਦਾ ਝੂਟਾ
ਭਾਵੇਂ ਲਹਿ-ਲਹਿ ਕਰੇ ਜੀ, ਹਰ ਡਾਲੀ ਹਰ ਬੂਟਾ
ਫਿਰ ਵੀ ਚੜ੍ਹ ਕੇ ਬਨੇਰੇ, ਲੈਣ ਰਾਹਾਂ ਨੂੰ ਵੇਖ
ਕਦੇ ਭੁੱਲਣ ਨਾ ਧੀਆਂ ........................

ਇਹ ਤਾਂ ਨਿਭਦਾ ਏ ਛੇਕੜ ਵਾਲੇ ਸਾਹਵਾਂ ਦੇ ਨਾਲ
ਨਿਭੇ ਧੀਆਂ ਦੇ ਨਾਲ, ਨਿਭੇ ਮਾਵਾਂ ਦੇ ਨਾਲ
ਚਾਂਦੀ ਰੰਗੇ ਹੋ ਜਾਣ ਭਾਵੇਂ ਸ਼ਾਹ ਕਾਲੇ ਕੇਸ
ਕਦੇ ਭੁੱਲਣ ਨਾ ਧੀਆਂ .....................

ਭਾਵੇਂ ਪੱਟ ਝੂਲਾਵੇ ਜੀ, ਪਰਦੇਸਾਂ ਦੀ ਮਿੱਟੀ
ਪੇਕੇ-ਪਿੰਡ ਦੇ ਵਰਗੀ, ਫਿਰ ਵੀ ਕਿਧਰੇ ਨਾ ਡਿੱਠੀ
ਤਨ ਝੂਟੇ ਚੰਡੋਲਾਂ, ਮਨ ਕਰਦੈ ਕਲੇਸ
ਕਦੇ ਭੁੱਲਣ ਨਾ ਧੀਆਂ ਬਾਬਲ ਧਰਮੀ ਦਾ ਦੇਸ......

ਹੋਵੇ ਚੜ੍ਹਦੀ ਉਮਰ, ਭਾਵੇਂ ਲਹਿੰਦੀ ਵਰੇਸ
ਕਦੇ ਭੁੱਲਣ ਨਾ ਧੀਆਂ ਬਾਬਲ ਧਰਮੀ ਦਾ ਦੇਸ......।

•

## ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

**ਉਹਨਾਂ ਮਾਪਿਆਂ ਦੇ ਨਾਂ! ਜਿਹੜੇ ਵਿਦੇਸ਼ਾਂ ਦੇ ਚਾਅ ਵਿੱਚ ਬਿਨਾਂ ਜਾਂਚ-ਪੜਤਾਲ ਤੋਂ ਧੀਆਂ ਵਿਆਹ ਦਿੰਦੇ ਹਨ** :

ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਅੱਥਰੂ ਰੋੜ੍ਹਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਜਾਣ ਕੇ ਸੁਰਗ ਕੈਨੇਡਾ, ਡੋਲੀ ਵਿੱਚ ਜਹਾਜ਼ ਦੀ ਚੜ੍ਹੀਆਂ
ਨਿਰਮੋਹੀ ਧਰਤੀ ਦੇ ਉੱਤੇ, ਡੌਰ-ਭੌਰੀਆਂ ਖੜ੍ਹੀਆਂ
ਆਪਣੇ ਲੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਇੱਕ ਸੁਫ਼ਨਾ, ਜਿਹਦਾ ਰੰਗ ਸੰਦਲੀ, ਟੋਟੇ ਟੋਟੇ ਹੋਇਆ
ਗਰੀਨ-ਹਾਊਸ ਦੇ ਸ਼ੀਸ਼ੇ ਦੇ ਵਿੱਚ ਧਾਹਾਂ ਮਾਰ ਕੇ ਰੋਇਆ
ਟੋਟੇ ਜੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਸ਼ਗਨਾਂ ਵਾਲੇ ਸੁੱਭਰ ਲਹਿ ਗਏ, ਫਰਜ਼-ਚਾਦਰਾਂ ਤਣੀਆਂ
ਡਾਲਰ 'ਕੱਠੇ ਕਰਨ ਵਾਲੀਆਂ, ਅੱਜ ਮਸ਼ੀਨਾਂ ਬਣੀਆਂ
ਲਹੂ ਨਿਚੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ

ਰਹਿ ਗਏ ਤੇਰੇ ਵਿਹੜੇ ਦੇ ਵਿੱਚ, ਸਾਰੇ ਹਾਸੇ-ਰੋਸੇ
ਨਾ ਕੋਈ ਮੂੰਹ ਵਿੱਚ ਬੁਰਕੀ ਪਾਵੇ, ਨਾ ਕੋਈ ਸਿਰ ਪਲੋਸੇ
ਮੱਥਾ ਫੋਹੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ



ਹਾੜ੍ਹਾ ਵੇ! ਬਿਨ ਦੇਖੇ ਪਰਖੇ, ਨਾ ਕੋਈ ਧੀਆਂ ਵਿਆਹਿਓ!
ਨਾ ਕੋਈ ਇਹਨਾਂ ਘੁੱਗੀਆਂ ਨੂੰ, ਇਉਂ ਜਾਲ਼ ਲਗਾ ਕੇ ਫਾਹਿਓ!
ਉੱਡਣਾ ਲੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ
ਬੈਰੀ ਤੋੜਨ ਬਾਬਲਾ! ਵੇ ਤੇਰੀਆਂ ਲਾਡਲੀਆਂ ਧੀਆਂ।

•

## ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ

**ਮਾਂ ਵੱਲੋਂ ਉਸ ਧੀ ਨੂੰ, ਜਿਸ 'ਤੇ ਸਰੀਰਕ-ਮਾਨਸਿਕ ਜ਼ੁਲਮ ਹੋਏ ਨੇ, ਚਾਹੇ ਉਹ ਬਲਾਤਕਾਰ ਹੈ, ਸਹੁਰਿਆਂ ਵੱਲੋਂ ਅਣਮਨੁੱਖੀ ਵਤੀਰਾ ਜਾਂ ਕੋਈ ਹੋਰ ਜ਼ੁਲਮ-ਸਿਤਮ ਤੇ ਜਿਹੜੀ ਇੰਜ ਟੁੱਟੀ-ਬਿਖਰੀ ਹੈ ਕਿ ਜੀਣ ਦਾ ਚਾਅ ਹੀ ਮੁੱਕ ਗਿਐ:**

ਮਨ ਦਿਆਂ ਥੇਹਾਂ ਦੇ ਉੱਤੇ, ਮੋਮਬੱਤੀਆਂ ਧਰ ਦਿਆਂ
ਆਪਣੀ ਸ਼ਕਤੀ ਨੂੰ ਪਛਾਣੇਂ, ਐਸਾ ਚਾਨਣ ਕਰ ਦਿਆਂ
ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ

ਸੂਰਜ-ਗੋਲ਼ੇ ਨਾਲੋਂ ਤੋੜਾਂ, ਕਿਰਨਾਂ ਦੀ ਕੋਈ ਡੋਰ ਮੈਂ
ਸਾਰੇ ਫੱਟ ਸਿਉਂ ਦਿਆਂ ਤੇਰੇ, ਕਰ ਦਿਆਂ ਨਵੀਂ ਨਕੋਰ ਮੈਂ
ਲਾਸਾਂ ਦੀਆਂ ਤਰਾਟਾਂ 'ਤੇ, ਬਰਫਾਂ ਦੇ ਫੈਹੇ ਧਰ ਦਿਆਂ
ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ

ਕੇਸਰ ਦਾ ਮਲ਼-ਮਲ਼ ਕੇ ਵਟਣਾ, ਦਾਗ ਸਾਰੇ ਲਾਹ ਦਿਆਂ
ਤੇਰੇ ਆਤਮ-ਬਲ ਦਾ ਭਾਂਡਾ, ਮਾਂਜ ਕੇ ਲਿਸ਼ਕਾ ਦਿਆਂ
ਡਾਢੇ ਅੱਗੇ ਅੜਨ ਦਾ, ਕੋਈ ਐਸਾ ਮੰਤਰ ਪੜ੍ਹ ਦਿਆਂ
ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ

ਕਾਸ਼ਨੀ, ਕੋਈ ਸੰਦਲੀ, ਧੁੱਪਾਂ ਦੇ ਲੀੜੇ ਪਾ ਦਿਆਂ
ਚੰਨ ਦੇ ਕੁੜਤੀ ਤੇਰੀ ਨੂੰ, ਫੇਰ ਬੀੜੇ ਲਾ ਦਿਆਂ
ਸਿੰਗ-ਤਵੀਤਾਂ ਤੇਰਿਆਂ ਵਿੱਚ, ਨਾਗ-ਮਣੀਆਂ ਮੜ੍ਹ ਦਿਆਂ
ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ



ਤੇਰਿਆਂ ਕੰਨਾਂ ਦੇ ਵਿੱਚ, ਸੱਧਰਾਂ ਦੇ ਬੁੰਦੇ ਪਾ ਦਿਆਂ
ਮੱਥੇ ਉੱਤੇ ਲਿਸ਼ਕਦੇ ਲੇਖਾਂ ਦੀ ਬਿੰਦੀ ਲਾ ਦਿਆਂ
ਫੇਰ ਤੈਨੂੰ ਮੌਲੀਆਂ ਦਾ, ਮਹਿੰਦੀਆਂ ਦਾ ਵਰ ਦਿਆਂ
ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ

ਤਾਰਿਆਂ ਨੂੰ ਗੁੰਦ ਕੇ ਮੈਂ ਤੇਰੀ ਜ਼ੁਲਫ ਸਜਾ ਦਿਆਂ
ਰਾਤ-ਰਾਣੀ ਤੋਂ ਫੜ ਖ਼ੁਸ਼ਬੋਆਂ, ਤੇਰੀ ਰੂਹ ਮਹਿਕਾ ਦਿਆਂ
ਤੇਰੀਆਂ ਪੀੜਾਂ ਨੂੰ ਮੈਂ, ਆਪਣੇ ਜਿਸਮ 'ਤੇ ਜਰ ਦਿਆਂ
ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ

ਪੰਜ ਨਦੀਆਂ ਦੇ ਪਾਣੀ ਦੇ ਵਿੱਚ, ਪੰਜ ਪਤਾਸੇ ਘੋਲ ਕੇ
ਤੇਰੇ ਸੁੱਕਿਆਂ ਬੁਲ੍ਹਾਂ ਉੱਤੇ, ਮਿੱਠਾ ਸ਼ਰਬਤ ਡੋਲ੍ਹ ਕੇ
ਚੂਸ ਲਵਾਂ ਹਟਕੋਰੇ ਸਾਰੇ, ਸੁਰਖ ਹਾਸੇ ਭਰ ਦਿਆਂ
ਆ ਮੈਂ ਤੈਨੂੰ ਸੋਹਣੀਏ! ਜ਼ਿੰਦਗੀ ਦੀ ਹਾਣੀ ਕਰ ਦਿਆਂ।

•

## ਕਹਿ ਦਿਓ ਉਸ ਕੁੜੀ ਨੂੰ

ਕਹਿ ਦਿਓ ਉਸ ਕੁੜੀ ਨੂੰ, ਕਮਜ਼ੋਰ ਹੋਇਆ ਨਾ ਕਰੇ
ਰੋ ਚੁੱਕੀ ਹੈ ਉਹ ਬਹੁਤ, ਹੁਣ ਹੋਰ ਰੋਇਆ ਨਾ ਕਰੇ

ਕਹਿ ਦਿਓ ਨੈਣਾਂ ਦੇ ਗੜਵੇ ਵਿੱਚ ਨਾ ਪਾਣੀ ਭਰੇ
ਤੱਤਿਆਂ ਹੰਝੂਆਂ 'ਚ ਗੱਲ੍ਹਾਂ ਨੂੰ ਡੁਬੋਇਆ ਨਾ ਕਰੇ
ਕਹਿ ਦਿਓ ਮਨ ਦਾ ਮਜੀਠ ਰੰਗ ਨਾ ਉੱਡਣ ਦਵੇ
ਰੁੱਸੀਆਂ ਸੱਧਰਾਂ ਦੇ ਨੈਣ-ਨਕਸ਼ ਟੋਹਿਆ ਨਾ ਕਰੇ

ਪਾਣੀਆਂ 'ਚੋਂ ਲੱਭੇ ਨਾ, ਪਰਛਾਵੇਂ ਟੁੱਟੀ ਵੰਗ ਦੇ
ਉੱਜੜੇ ਪੱਤਣਾਂ ਦੇ ਉਤੇ, ਇਉਂ ਖੜੋਇਆ ਨਾ ਕਰੇ
ਦਿਨ ਛਿਪੇ ਦੇ ਨਾਲ, ਕਬਰਾਂ ਉੱਤੇ ਦੀਵੇ ਬਾਲ਼ੇ ਨਾ
ਦਿਨ ਚੜ੍ਹੇ ਮਟੀਆਂ ਨੂੰ ਪਲਕਾਂ ਨਾਲ ਧੋਇਆ ਨਾ ਕਰੇ

ਜੋਰਾਂ-ਜਬਰਾਂ ਸਾਹਮਣੇ ਸਭ ਤੋੜ ਦੇਵੇ ਵਲਗਣਾਂ
ਹਸਰਤਾਂ ਨੂੰ ਭੁੱਬਲਾਂ ਹੇਠਾਂ ਲੁਕੋਇਆ ਨਾ ਕਰੇ
ਨਾ ਸੜੇ, ਨਾ ਜ਼ਹਿਰ ਪੀਵੇ, ਗਲ਼ 'ਚ ਫੰਧਾ ਪਾਵੇ ਨਾ
ਸਿਰ ਝੁਕਾ ਕੇ ਕਾਤਿਲਾਂ ਅੱਗੇ ਖੜੋਇਆ ਨਾ ਕਰੇ

ਹੋ ਸਕੇ ਤਾਂ ਲਿਖ ਲਵੇ, ਉਹ ਆਪ ਹੀ ਆਪਣਾ ਨਸੀਬ
ਭਲੇ-ਦਿਨਾਂ ਦੀ ਆਸ ਵਿੱਚ, ਇੱਕ ਉਮਰ ਖੋਇਆ ਨਾ ਕਰੇ
ਹੰਝੂਆਂ ਨੂੰ ਪੂੰਝ ਦਏ, ਹੱਸਣਾ-ਮੁਸਕਾਉਣਾ ਸਿੱਖ ਲਏ
ਜ਼ਿੰਦਗੀ ਦੇ ਵੱਲ ਖੁੱਲ੍ਹਦਾ ਬਾਰ ਢੋਇਆ ਨਾ ਕਰੇ।

•



## ਨਾਰੀ ਮੋਹ ਦਾ ਨਾਂ, ਓ ਵਤਨਾਂ ਵਾਲਿਓ!

ਨਾਰੀ ਮੋਹ ਦਾ ਨਾਂ, ਓ ਵਤਨਾਂ ਵਾਲਿਓ!
ਪਿਆਰ ਦੀ ਇਕ ਝਨਾਂ ਓ ਅਮਨਾਂ ਵਾਲਿਓ !

ਬੇਟੀ ਬਣ ਵਿਹੜੇ ਵਿੱਚ ਆਵੇ
ਠੁਮਕ-ਠੁਮਕ ਪੈਲਾਂ ਪਾਵੇ
ਪਾਵੇ ਕਿੱਕਲੀਆਂ, ਓ ਚਮਨਾਂ ਵਾਲਿਓ!

ਪੜ੍ਹ ਲਿਖ ਜਾਵੇ, ਪਦਵੀਆਂ ਪਾਵੇ
ਕੁੱਲ ਆਲਮ ਦੇ ਵਿੱਚ ਚਮਕਾਵੇ
ਖਾਨਦਾਨ ਦਾ ਨਾਂ ਓ ਕਰਮਾਂ ਵਾਲਿਓ. !

ਇਹਦੀ ਕੁੱਖ ਤੋਂ ਦੀਪਕ ਜਗਦੇ
ਈਸਾ ਲੱਭਦੇ ਨਾਨਕ ਲੱਭਦੇ
ਜਦ ਬਣਦੀ ਏ ਮਾਂ, ਓ ਧਰਮਾਂ ਵਾਲਿਓ!

ਅੰਦਰੇ ਅੰਦਰ ਪੀੜਾਂ ਪੀਂਦੀ
ਆਪਣਿਆਂ ਦੀ ਖ਼ਾਤਿਰ ਜੀਂਦੀ
ਸੱਚੋ-ਸੱਚ ਕਹਾਂ, ਓ ਭਰਮਾਂ ਵਾਲਿਓ!

ਪੁੱਤ ਵਰਗੀ ਹੈ, ਧੀ ਨਾ ਭੰਡੋ
ਨੂੰਹਾਂ ਨੂੰ ਨਾ ਮੌਤਾਂ ਵੰਡੋ
ਦੇਵੋ ਦਿਲ ਵਿੱਚ ਥਾਂ, ਓ ਸ਼ਰਮਾਂ ਵਾਲਿਓ!

ਇਹਦੇ ਕਰਕੇ ਵਿਹੜੇ ਹੱਸਦੇ
ਇਹਦੇ ਕਰਕੇ ਘਰ ਨੇ ਵਸਦੇ
ਵਸਦੇ ਸ਼ਹਿਰ ਗਿਰਾਂ, ਓ ਚਮਨਾਂ ਵਾਲਿਓ!

ਨਾਰੀ ਮੋਹ ਦਾ ਨਾਂ, ਓ ਵਤਨਾਂ ਵਾਲਿਓ!
ਪਿਆਰ ਦੀ ਇਕ ਝਨਾਂ ਓ ਅਮਨਾਂ ਵਾਲਿਓ !

•



## ਇਕ ਦਿਨ ਨੂੰ ਮੈਂ ਵੀ ਝਾਂਸੀ ਦੀ ਰਾਣੀ ਬਣਨਾ ਹੈ

ਇਕ ਦਿਨ ਨੂੰ ਮੈਂ ਵੀ ਝਾਂਸੀ ਦੀ ਰਾਣੀ ਬਣਨਾ ਹੈ
ਮੈਂ ਵੀ ਤਾਂ ਇਤਿਹਾਸ ਦੀ ਇਕ ਕਹਾਣੀ ਬਣਨਾ ਹੈ

ਕਹਾਂਗੀ ਮਾਂ ਨੂੰ ਮੈਨੂੰ ਪਰਵਾਨੇ ਦੀ ਬਾਤ ਸੁਣਾ
ਲੋਰੀ ਨਹੀਂ ਓ ਮੰਮੀ! ਤੂੰ ਬੀਰਾਂ ਦੀ ਗਾਥਾ ਗਾ
ਦੇਸ਼ ਪ੍ਰੇਮ ਵਿੱਚ ਮੈਂ ਵੀ ਤਾਂ ਅਭਿਮਾਨੀ ਬਣਨਾ ਹੈ
ਇਕ ਦਿਨ ਨੂੰ ਮੈਂ ਵੀ ਝਾਂਸੀ ਦੀ ਰਾਣੀ ਬਣਨਾ ਹੈ

ਮੇਰੇ ਬਚਪਨ ਨੂੰ ਤੂੰ ਦੇਸ਼ ਦੇ ਪਿਆਰ 'ਚ ਰੰਗ ਦੇ ਮਾਂ
ਝੁਕਾਂ ਨਾ ਕਿਸੇ ਦੇ ਅੱਗੇ, ਮੈਨੂੰ ਐਸੇ ਅੰਗ ਦੇ ਮਾਂ
ਭਾਰਤ-ਮਾਂ ਦੇ ਦੁੱਖ ਧੋਵਣ ਨੂੰ ਪਾਣੀ ਬਣਨਾ ਹੈ
ਇਕ ਦਿਨ ਨੂੰ ਮੈਂ ਵੀ ਝਾਂਸੀ ਦੀ ਰਾਣੀ ਬਣਨਾ ਹੈ

ਇਸ ਮਿੱਟੀ ਨੂੰ ਮੈਂ ਵੀ ਆਪਣੇ ਖ਼ੂਨ 'ਚ ਧੋਵਾਂਗੀ
ਪਹਿਲਾਂ ਮੁਲਕ ਜਗਾ ਕੇ ਨੀਂਦ ਅਖੀਰੀ ਸੌਂਵਾਂਗੀ
ਗੁਜ਼ਰੇ ਵਕਤਾਂ ਦੀ ਦਮਦਾਰ ਨਿਸ਼ਾਨੀ ਬਣਨਾ ਹੈ
ਇਕ ਦਿਨ ਨੂੰ ਮੈਂ ਵੀ ਝਾਂਸੀ ਦੀ ਰਾਣੀ ਬਣਨਾ ਹੈ

ਮੈਂ ਵੀ ਇਸ ਧਰਤੀ ਦੀ ਨਿੱਕੀ ਰਾਜਕੁਮਾਰੀ ਹਾਂ
ਜਿਸ ਮਿੱਟੀ ਤੋਂ ਜਨਮ ਲਿਆ ਮੈਂ ਉਸ ਤੋਂ ਵਾਰੀ ਹਾਂ
ਜ਼ਿੰਦਾ ਹਾਂ ਇਸ ਲਈ ਕਿ ਕੱਲ੍ਹ ਬਲੀਦਾਨੀ ਬਣਨਾ ਹੈ
ਇਕ ਦਿਨ ਨੂੰ ਮੈਂ ਵੀ ਝਾਂਸੀ ਦੀ ਰਾਣੀ ਬਣਨਾ ਹੈ।

•

## ਮੈਂ ਤੈਨੂੰ ਜਾਣ ਨਹੀਂ ਦੇਣਾ

ਨਰਗਿਸੀ ਨੈਣਾਂ 'ਚ ਖਿੜ ਗਏ ਤਾਰਿਆਂ ਦੀ ਸੌਂਹ
ਮੈਂ ਤੈਨੂੰ ਜਾਣ ਨਹੀਂ ਦੇਣਾ
ਕਾਸ਼ਨੀ ਚੁੰਨੀ 'ਚ ਬੰਨ੍ਹੇ ਲਾਰਿਆਂ ਦੀ ਸੌਂਹ
ਮੈਂ ਤੈਨੂੰ ਜਾਣ ਨਹੀਂ ਦੇਣਾ...............

ਮੈਂ ਤੇਰੇ ਰਾਹਾਂ ਵਿੱਚ ਖੜ੍ਹ ਜਾਣਾ ਹੈ ਹਿਮਾਲੀਆ ਬਣਕੇ
ਮੈਂ ਦੇਣੇ ਤੋੜ, ਤੇਰੇ ਹੀਰਿਆਂ ਦੇ ਹਾਰ ਦੇ ਮਣਕੇ
ਦਿਲ ਦਾ ਕੌਲ-ਫੁੱਲ, ਸੋਨੇ ਦੀ ਭੱਠੀ ਪਾਣ ਨਹੀਂ ਦੇਣਾ
ਮੈਂ ਤੈਨੂੰ ਜਾਣ ਨਹੀਂ ਦੇਣਾ...............

ਤੇਰੀ ਮਜਬੂਰੀ ਦਾ ਕਿੱਸਾ ਮੈਨੂੰ ਪਰਚਾ ਨਹੀਂ ਸਕਦਾ
ਅਗਲੇ ਜਨਮ ਦਾ ਵਾਦਾ ਮੈਨੂੰ ਵਰਚਾ ਨਹੀਂ ਸਕਦਾ
ਰੂਹ ਨੂੰ ਸਮੇਂ ਦੀ ਟਾਹਣੀ 'ਤੇ, ਸੁੱਕਣੇ ਪਾਣ ਨਹੀਂ ਦੇਣਾ
ਮੈਂ ਤੈਨੂੰ ਜਾਣ ਨਹੀਂ ਦੇਣਾ...............

ਸੱਜਣ! ਸ਼ਤਰੰਜ ਚੁੱਕ ਆਪਣੀ ਮੈਂ ਕੋਈ ਨਰਦ ਨਹੀਂ ਹਾਂ
ਮੈਂ ਤੇਰੇ ਹਾਣ ਦੀ ਹਾਂ, ਤੇਰੇ ਘਰ ਦੀ ਗਰਦ ਨਹੀਂ ਹਾਂ
ਵਿਹੜੇ ਸਾਜ਼ਿਸ਼ੀ ਪੌਣਾਂ ਨੂੰ, ਫੇਰਾ ਪਾਣ ਨਹੀਂ ਦੇਣਾ
ਮੈਂ ਤੈਨੂੰ ਜਾਣ ਨਹੀਂ ਦੇਣਾ...............

ਮੈਂ ਤੇਰੇ ਹਿਜਰ ਨੂੰ, ਆਪਣੀ ਵਫਾ ਦਾ ਨਾਮ ਦੇਣਾ ਨਹੀਂ
ਨਸੀਬਾਂ ਦੀ ਹਥੇਲੀ ਨੂੰ, ਕੋਈ ਇਲਜ਼ਾਮ ਦੇਣਾ ਨਹੀਂ
ਜੇ ਜਾਣਾ ਹੈ ਤਾਂ ਫਿਰ ਇਸ ਦਿਲ 'ਚ ਤੈਨੂੰ ਆਣ ਨਹੀਂ ਦੇਣਾ
ਜਾਂ ਤੈਨੂੰ ਜਾਣ ਨਹੀਂ ਦੇਣਾ, ਜਾਂ ਮੁੜਕੇ ਆਣ ਨਹੀਂ ਦੇਣਾ............

•



## ਸੱਜਣ ਬਦਨੀਤੀਆ ! ਮੈਂ ਤੇਰੇ ਹਾਣ ਦੀ

ਸੱਜਣ ਬਦਨੀਤੀਆ! ਮੈਂ ਤੇਰੇ ਹਾਣ ਦੀ
ਮੈਂ ਤੇਰੇ ਦਿਲ ਦੀਆਂ ਰਮਜ਼ਾਂ ਜਾਣਦੀ

ਕਦੀ ਤੂੰ ਮੈਨੂੰ ਸ਼ੱਕ ਦੀ ਅਗਨ ਵਿੱਚ ਸਾੜਿਆ
ਕਦੀ ਤੂੰ ਮੈਨੂੰ ਭੁੱਲਿਆ, ਕਦੀ ਤੂੰ ਮੈਨੂੰ ਹਾਰਿਆ
ਮੈਂ ਹੁਣ ਤੇਰੇ ਜਾਲ ਦੀ, ਹਰ ਤੰਦ ਪਛਾਣਦੀ
ਸੱਜਣ ਬਦਨੀਤੀਆ! ਮੈਂ ਤੇਰੇ ਹਾਣ ਦੀ......

ਕਿ ਹੁਣ ਮੇਰੇ ਸਾਹਮਣੇ ਨੰਗੀ ਤੇਰੀ ਵਾਸਨਾ
ਮੈਂ ਤੇਰੀ ਭੁੱਖ ਲਈ, ਜਿਉਂਦਾ ਮਾਸ ਨਾ
ਤੇਰੀ ਮਿੱਠਤ ਵਿਚੋਂ, ਮੈਂ ਧੋਖੇ ਛਾਣਦੀ
ਮੈਂ ਤੇਰੇ ਦਿਲ ਦੀਆਂ ਰਮਜ਼ਾਂ ਜਾਣਦੀ......

ਭਲਾ ਮੈਂ ਤੇਰੇ ਲਈ ਤਰਾਂ ਝਨਾਵਾਂ ਕਿਉਂ ?
ਮੈਂ ਦੱਸ ਤੇਰੇ ਪਿੱਛੇ, ਥਲਾਂ ਵਿੱਚ ਆਵਾਂ ਕਿਉਂ?
ਤੂੰ ਖ਼ੁਦ ਮੇਰੇ ਕੋਲ ਆ! ਮੈਂ ਏਹੀਓ ਜਾਣਦੀ
ਸੱਜਣ ਬਦਨੀਤੀਆ! ਮੈਂ ਤੇਰੇ ਹਾਣ ਦੀ......

ਤੂੰ ਮਨ ਦਾ ਮੀਤ ਜੇ, ਮੈਂ ਤੇਰੇ ਸੰਗ ਹਾਂ
ਤੂੰ ਰੂਹ ਦਾ ਗੀਤ ਜੇ, ਮੈਂ ਤੇਰਾ ਰੰਗ ਹਾਂ
ਨਹੀਂ ਤਾਂ ਮੈਂ ਨਹੀਂ, ਹੁਣ ਤੈਨੂੰ ਸਿਆਣਦੀ
ਸੱਜਣ! ਤੂੰ ਬਣ ਸੱਜਣ! ਮੈਂ ਤੇਰੇ ਹਾਣ ਦੀ......।

•

## ਮਾਏ ਨੀਂ ! ਮੈਂ ਨਹੀਂਓ ਹਾਰਨਾ

ਚਾਹੇ ਸੂਲਾਂ ਵਿੱਚ ਦੁਨੀਆਂ ਪਰੋ ਦਵੇ
ਮਾਏ ਨੀਂ! ਮੈਂ ਨਹੀਂਓ ਹਾਰਨਾ
ਚਾਹੇ ਊਜਾਂ ਵਾਲੇ ਚਾਕੂ ਨੀਂ ਖੁਭੋ ਦਵੇ
ਮਾਏ ਨੀਂ! ਮੈਂ ਨਹੀਂਓ ਹਾਰਨਾ

ਔਰਤ ਨੂੰ ਰੱਜ ਕੇ ਲਿਤਾੜ ਲਿਆ ਜੱਗ ਨੇ
ਕੋਠੇ ਵਿੱਚ ਪਸ਼ੂ ਵਾਂਗ ਤਾੜ ਲਿਆ ਜੱਗ ਨੇ
ਤੋੜ ਰੱਸੀਆਂ ਫਿਜ਼ਾਵਾਂ ਵਿੱਚ ਉਡਣੈਂ
ਮਾਏ ਨੀਂ! ਖੰਭਾਂ ਨੂੰ ਖਿਲਾਰਨਾ
ਮਾਏ ਨੀਂ! ਮੈਂ ਨਹੀਂਓ ਹਾਰਨਾ

ਜਾਣਦੀ ਹਾਂ ਰਾਹਾਂ ਵਿੱਚ ਸੰਘਣੇ ਹਨ੍ਹੇਰੇ ਨੇ
ਖੋਲ੍ਹ ਕੇ ਜਬ੍ਹਾੜੇ ਖੜ੍ਹੇ ਦੈਂਤ ਵੀ ਬਥੇਰੇ ਨੇ
ਮੈਂ ਵੀ ਕਾਲਿਕਾ ਦਾ ਰੂਪ ਸਜਾ ਕੇ
ਮਾਏ ਨੀਂ! ਹੋਣੀ ਨੂੰ ਵੰਗਾਰਨਾ
ਮਾਏ ਨੀਂ! ਮੈਂ ਨਹੀਂਓ ਹਾਰਨਾ

ਕਰਦਾ ਹੈ ਜੀਅ ਅੱਗੇ ਸਭ ਦੇ ਖੜੋਣ ਨੂੰ
ਨਵੀਂ ਕੋਈ ਸਮਾਜ ਵਿੱਚ ਪਿਰਤ ਚਲਾਉਣ ਨੂੰ
ਦਮ-ਘੋਟੂਆਂ ਰਿਵਾਜਾਂ ਕੋਲੋਂ ਡਰਕੇ
ਮਾਏ ਨੀਂ! ਸੱਚ ਨਹੀਂਓ ਵਾਰਨਾ
ਮਾਏ ਨੀਂ! ਮੈਂ ਨਹੀਂਓ ਹਾਰਨਾ



ਜਿੱਥੇ ਹੋਵੇ ਪਿਆਰ ਜਾਨ ਡੋਲ੍ਹ ਕੇ ਵਿਖਾਵਾਂਗੀ
ਝੂਠ ਦੇ ਥੜ੍ਹੇ 'ਤੇ ਸੱਚ ਬੋਲ ਕੇ ਦਿਖਾਵਾਂਗੀ
ਕਿਸੇ ਖ਼ੂਨ-ਪੀਣੇ ਰੁੱਖ ਦੀ ਸਲੀਬ 'ਤੇ
ਮਾਏ ਨੀਂ! ਆਪਾ ਨਹੀਂਓ ਚਾੜ੍ਹਨਾ
ਮਾਏ ਨੀਂ! ਮੈਂ ਨਹੀਂਓ ਹਾਰਨਾ

ਕਿਰਨਾਂ ਦੀ ਟਾਹਣੀ ਉੱਤੇ ਪੀਂਘ ਮੈਂ ਚੜ੍ਹਾਵਾਂਗੀ
ਇਕ ਦਿਨ ਤਾਰਿਆਂ ਨੂੰ ਹੱਥ ਲਾ ਕੇ ਆਵਾਂਗੀ
ਐਵੇਂ ਮਾੜੀ ਤਕਦੀਰ ਵਾਲੇ ਮੱਥੇ 'ਤੇ
ਮਾਏ ਨੀਂ ਹੱਥ ਨਹੀਂਓ ਮਾਰਨਾ
ਮਾਏ ਨੀਂ! ਮੈਂ ਨਹੀਂਓ ਹਾਰਨਾ।

•

# ਖੁੱਲ੍ਹਾ ਧਰਤ ਆਕਾਸ਼ ਹੀ ਮੰਗਦੀ ਹਾਂ



***ਕਾਵਿ ਮੁਕਾਬਲੇ/ਸਮਾਰੋਹ ਵਿੱਚ ਪੜ੍ਹਨ ਲਈ ਕਵਿਤਾਵਾਂ***



**ਇਹ ਕਵਿਤਾਵਾਂ ਭਰੂਣ-ਹੱਤਿਆ, ਦਾਜ, ਹੋਰ ਸਮਾਜਿਕ ਬੁਰਾਈਆਂ ਵਿਰੁੱਧ ਕਿਸੇ ਸਮਾਰੋਹ ਵਿਚ ਜਾਂ ਔਰਤ ਨਾਲ ਸੰਬੰਧਿਤ ਵਿਸ਼ੇਸ਼ ਦਿਨ, ਜਿਵੇਂ ਧੀ-ਦਿਵਸ, ਮਹਿਲਾ-ਦਿਵਸ, ਮਾਂ-ਦਿਵਸ ਮਨਾਉਣ ਵਾਲੇ ਸਮਾਗਮਾਂ ਵਿਚ ਜਾਂ ਕਵਿਤਾ-ਪ੍ਰਤਿਯੋਗਤਾਵਾਂ ਵਿਚ ਪੇਸ਼ ਕੀਤੀਆਂ ਜਾ ਸਕਦੀਆਂ ਹਨ।**

# ਧੀ ਦਾ ਜਨਮ

ਕੁੱਖ ਵਿੱਚੋਂ ਇਕ ਕਿਰਨ ਫੁੱਟੀ ਤਾਂ
ਲੋਕੀ ਕਹਿਣ ਹਨ੍ਹੇਰਾ ਹੋਇਐ
ਦਾਦੀ ਆਖੇ, ਪੁੱਤ ਮੇਰੇ ਨਾਲ
ਧੱਕਾ ਬੜਾ ਵਡੇਰਾ ਹੋਇਐ

ਧੀ ਨਹੀਂ, ਇਹ ਤਾਂ ਪੱਥਰ ਡਿੱਗਿਐ
ਮੇਰੀ ਕੱਚ ਦੀ ਛੱਤ ਦੇ ਉੱਤੇ
ਮੇਰੇ ਲਾਡਾਂ ਪਾਲੇ ਉੱਤੇ
ਜ਼ੁਲਮ ਵਾਹਿਗੁਰੂ ਤੇਰਾ ਹੋਇਐ

ਭੂਆ ਆਖੇ ਦਾਜ ਮੇਰੇ 'ਚੋਂ
ਇਹ ਤਾਂ ਅੱਧ ਵੰਡਾਵਣ ਆਈ
ਵੀਰਾ ਹੱਥ ਖਿਚੂਗਾ ਪਿੱਛੇ
ਜਦ ਖਰਚਣ ਦੀ ਵਾਰੀ ਆਈ

ਚਾਚਾ ਆਖੇ, ਜਦ ਇਹ ਵਿਆਹੀ
ਮੈਨੂੰ ਵੀ ਕੁਝ ਕਰਨਾ ਪੈਣੈਂ
ਲੋਕਲਾਜ ਲਈ, ਸ਼ਰਮੋ-ਸ਼ਰਮੀਂ
ਕੁਝ ਤਾਂ ਤਲੀਏ ਧਰਨਾ ਪੈਣੈਂ

ਜੰਮਣ-ਪੀੜਾਂ ਝੱਲਣ ਵਾਲੀ
ਚਿੰਤਾ ਨਾਲ ਨਿਢਾਲ ਪਈ ਹੈ
ਸਿੱਲ੍ਹੀਆਂ ਸਿੱਲ੍ਹੀਆਂ ਅੱਖਾਂ ਦੇ ਵਿੱਚ
ਲੈ ਕੇ ਇਕ ਸਵਾਲ ਪਈ ਹੈ



ਇਹ ਮੇਰਾ ਆਟੇ ਦਾ ਪੇੜਾ
ਕਾਂ ਚੂਹਿਆਂ ਤੋਂ ਕਿੰਜ ਬਚਾਵਾਂ?
ਭੁੱਖੀਆਂ ਨਜ਼ਰਾਂ ਤੋਂ ਬਚ ਜਾਵੇ
ਕਿਹੜਾ ਰੂਪ-ਪਲੇਥਣ ਲਾਵਾਂ?

ਇਹ ਮੇਰੇ ਆਂਗਣ ਦੀ ਤੁਲਸੀ
ਪਾਣੀ ਦੀ ਥਾਂ ਦੁੱਧ ਪਿਆਵਾਂ
ਇਹ ਤਾਂ ਦੇਵੀ ਭੁੱਲ ਕੇ ਆ'ਗੀ
ਇਹਦੇ ਵਾਰੇ ਵਾਰੇ ਜਾਵਾਂ

ਬਾਪੂ ਸੋਚੇ ਹੁਣ ਤਾਂ ਜਿੰਦੜੀ
ਵਿੱਚ ਗ਼ਮਾਂ ਦੇ ਫਸ ਜਾਣੀ ਹੈ
ਦਾਜ ਜੋੜਦਿਆਂ, ਵਰ ਲੋੜਦਿਆਂ
ਉਮਰ ਦੀ ਜੁੱਤੀ ਘਸ ਜਾਣੀ ਹੈ

ਫਿਰ ਵੀ ਦੁੱਖ ਤੋਂ ਬਚ ਜਾਏਗੀ
ਇਹ ਵੀ ਕੋਈ ਪਤਾ ਨਹੀਂ ਹੈ
ਸੁਖ ਦੀ ਮਹਿੰਦੀ ਰਚ ਜਾਏਗੀ
ਇਹ ਵੀ ਕੋਈ ਪਤਾ ਨਹੀਂ ਹੈ

ਮੈਂ ਮਾਲੀ, ਇਹ ਮੇਰੀ ਚੰਬੇਲੀ
ਕੂਲੀ ਰੂੰ ਦੇ ਗੋਹੜੇ ਵਰਗੀ
ਹੁਨਰਾਂ ਨਾਲ ਸਿੰਜੂਗਾ ਇਹਨੂੰ
ਸੋਹਣੀ ਨਿੱਕਲੂ ਲੋਹੜੇ ਵਰਗੀ

ਕੋਈ ਬਦ ਛੋਹ ਸਕੇ ਨਾ ਇਹਨੂੰ
ਬਦਨ 'ਚ ਬਿਜਲੀ ਜੜ ਦੇਵਾਂਗਾ
ਅੜ ਕੇ ਸਭ ਅਧਿਕਾਰ ਲੈ ਲਵੇ
ਏਨੀ ਤਕੜੀ ਕਰ ਦੇਵਾਂਗਾ

ਪਰ ਇਕ ਭੋਲੀ-ਭਾਲੀ ਸੂਰਤ
ਸਭ ਕੁਝ ਤੋਂ ਅਣਜਾਣ ਪਈ ਹੈ
ਨਿੱਕੀਆਂ ਨਿੱਕੀਆਂ ਬੁਲ੍ਹੀਆਂ 'ਤੇ
ਦਰਵੇਸ਼ ਜਿਹੀ ਮੁਸਕਾਨ ਪਈ ਹੈ।

•



## ਤੁਸੀਂ ਸਾਰੇ ਕਿੱਥੇ ਓ?...

ਇੱਕ ਸਿਸਕੀ ਇਹ ਵੀ ਸੁਣੋ!
ਤੁਹਾਡੇ ਘਰ
ਅਗਲੇ ਘਰ
ਜਾਂ ਅਗਲੇਰੇ ਘਰ
ਕੁੱਖ ਦੇ ਅੰਨ੍ਹੇ ਖੂਹ ਵਿੱਚ ਬੈਠੀ
ਇੱਕ ਮਾਸੂਮ ਬੱਚੀ
ਸਹਿਮੀਆਂ ਸਹਿਮੀਆਂ ਨਿਗਾਹਾਂ ਨਾਲ
ਤੱਕ ਰਹੀ ਹੈ ਤੁਹਾਡੇ ਵੱਲ

ਇੱਕ ਨਿੱਕੀ ਜਿਹੀ ਪਰੀ
ਜਿਹਦੇ ਪੀਣ ਲਈ, ਪਾਣੀ ਨਹੀਂ
ਅੱਕ ਦਾ ਦੁੱਧ ਘੱਲਿਆ ਜਾ ਰਿਹੈ
ਬਿਸਕੁਟ ਨਹੀਂ
ਨੀਲੇ-ਥੋਥੇ ਦੀ ਰੋਟੀ ਭੇਜੀ ਜਾ ਰਹੀ ਹੈ
ਤੇ ਖੋਹੀ ਜਾ ਰਹੀ ਹੈ ਆਕਸੀਜਨ
ਉਹਦੇ ਨਿਰਦੋਸ਼ ਸਾਹਾਂ ਵਿੱਚੋਂ

ਕਿਸੇ ਸੁਰੰਗ ਵਿੱਚੋਂ ਵਧ ਰਹੇ ਨੇ
ਦੋ ਵੱਡੇ ਵੱਡੇ ਹੱਥ
ਉਹਦਾ ਗਲਾ ਦਬਾਉਣ ਲਈ
ਤੇ ਉਹ ਨਿੱਕੀ ਜਿਹੀ ਕੁੜੀ
ਜਿਉਣਾ ਚਾਹੁੰਦੀ ਹੈ

ਜ਼ਰਾ ਦੇਖੋ ਤਾਂ ਸਹੀ!
ਉਮੀਦਾਂ ਦੀਆਂ ਮਤਾਬੀਆਂ ਨਾਲ ਚਮਕਦੇ
ਉਹਦੇ ਬਿਟ ਬਿਟ ਤੱਕਦੇ ਸੇਜਲ ਨੈਣ
ਉਹ ਤੁਹਾਨੂੰ ਹੀ ਉਡੀਕ ਰਹੀ ਹੈ
ਤੇ ਤੁਸੀਂ ਸਾਰੇ ਕਿੱਥੇ ਓ?
ਕਿੱਥੇ ਓ?...

•



## ਜ਼ਰਾ ਇਹ ਤਾਂ ਸੋਚੋ !

ਲਹਿਰਾ-ਲਹਿਰਾ ਕੇ ਹਿੱਲਦੀ
ਗੁਲਾਬੀ ਚੁੰਨੀ ਨੂੰ
ਵਿਭਚਾਰੀ-ਪੈਰਾਂ ਹੇਠਾਂ ਮਧੋਲਣ ਤੋਂ ਪਹਿਲਾਂ
ਜ਼ਰਾ ਇਹ ਤਾਂ ਸੋਚੋ!
ਚੁੰਨੀਆਂ ਧੀਆਂ ਵਰਗੀਆਂ ਹੁੰਦੀਆਂ ਨੇ
ਤੇ ਧੀਆਂ ਚੁੰਨੀਆਂ ਵਰਗੀਆਂ ਹੁੰਦੀਆਂ ਨੇ

ਚਟਖ-ਚਟਖ ਕੇ ਡੁੱਲ੍ਹਦੀ
ਕੇਸਰੀ ਮਹਿਕ ਨੂੰ
ਬਜ਼ਾਰੀ-ਸ਼ੀਸ਼ੇ ਵਿੱਚ ਉਤਾਰਨ ਤੋਂ ਪਹਿਲਾਂ
ਜ਼ਰਾ ਇਹ ਤਾਂ ਸੋਚੋ!
ਮਹਿਕਾਂ ਧੀਆਂ ਵਰਗੀਆਂ ਹੁੰਦੀਆਂ ਨੇ
ਤੇ ਧੀਆਂ ਮਹਿਕਾਂ ਵਰਗੀਆਂ ਹੁੰਦੀਆਂ ਨੇ

ਠੁਮਕ-ਠੁਮਕ ਕੇ ਚੁਗਦੀ
ਅੱਲ੍ਹੜ ਘੁੱਗੀ ਨੂੰ
ਕਪਟ-ਫਾਹੀਆਂ ਲਾਉਣ ਤੋਂ ਪਹਿਲਾਂ
ਜ਼ਰਾ ਇਹ ਤਾਂ ਸੋਚੋ!
ਘੁੱਗੀਆਂ ਧੀਆਂ ਵਰਗੀਆਂ ਹੁੰਦੀਆਂ ਨੇ
ਤੇ ਧੀਆਂ ਘੁੱਗੀਆਂ ਵਰਗੀਆਂ ਹੁੰਦੀਆਂ ਨੇ

ਮਟਕ-ਮਟਕ ਕੇ ਤੁਰਦੀ
ਸਜ-ਵਿਆਹੀ ਨੂੰਹ ਨੂੰ
ਅਗਨ-ਭੱਠੀ ਵਿੱਚ ਸੁੱਟਣ ਤੋਂ ਪਹਿਲਾਂ
ਜ਼ਰਾ ਇਹ ਤਾਂ ਸੋਚੋ!
ਨੂੰਹਾਂ ਧੀਆਂ ਵਰਗੀਆਂ ਹੁੰਦੀਆਂ ਨੇ

ਤੇ ਧੀਆਂ ਵੀ
ਕਿਸੇ ਦੀਆਂ ਨੂੰਹਾਂ ਹੁੰਦੀਆਂ ਨੇ।

•



## ਕੁੜੀਆਂ ਦਾ ਸਾਵਣ

ਸਾਡੇ ਲਈ ਹਰ ਵਰ੍ਹੇ
ਸੁੱਖਾਂ ਦੇ ਸੰਧਾਰੇ ਲਿਆਉਂਦਿਆ ਸਾਵਣ ਵੀਰਿਆ!
ਇਸ ਵਰ੍ਹੇ
ਤੇਰੀਆਂ ਕਣੀਆਂ "ਰੱਬਾ ਰੱਬਾ ਮੀਂਹ ਵਸਾ" ਗਾਉਂਦੀਆਂ
ਮਾਸੂਮ ਤਲੀਆਂ ਨੇ ਨਹੀਂ ਬੋਚਣੀਆਂ
"ਹਾਇ ਅਸੀਂ ਜਿਉਣਾ ਸੀ, ਅਸੀਂ ਜਿਉਣਾ ਸੀ"
ਕਰਦੀਆਂ ਭਰੂਣ ਤਲੀਆਂ ਨੇ ਬੋਚਣੀਆਂ ਨੇ

ਸਾਡੀ ਔੜਾਂ ਮਾਰੀ ਧਰਤੀ ਉੱਤੇ
ਜਲ-ਥਲ ਕਰਦਿਆ ਸਾਂਵਲ ਮੇਘਲਿਆ!
ਇਸ ਵਰ੍ਹੇ
ਤੇਰੀ ਵੱਖੀ 'ਚੋਂ ਉੱਗਣ ਵਾਲੀ ਸਤਰੰਗੀ ਪੀਂਘ
ਛੈਲ ਛਬੀਲੀਆਂ ਮੁਟਿਆਰਾਂ ਨੇ ਨਹੀਂ ਝੂਟਣੀ
ਬਲਾਤਕਾਰਾਂ ਦੀਆਂ ਡੰਗੀਆਂ
ਕੁਆਰੀਆਂ ਧੌਣਾਂ ਨੇ ਝੂਟਣੀ ਹੈ

ਸਾਡੀਆਂ ਵੱਢੀਆਂ ਟੁੱਕੀਆਂ ਪੌਣਾਂ ਵਿੱਚ
ਘੁਲ ਘੁਲ ਜਾਂਦੀਏ ਸੁਰਮਈ ਬਦਲੋਟੀਏ!
ਇਸ ਵਰ੍ਹੇ
ਤੇਰੀਆਂ ਲਟਬੌਰ ਮਸਤੀਆਂ ਨਾਲ ਝੂਮ ਕੇ
ਸਾਡੀ ਰੀਝ ਦੇ ਮੋਰਾਂ ਨੇ ਪੈਲ ਨਹੀਂ ਪਾਉਣੀ
ਦਾਜ-ਗੁਲੇਲਾਂ ਨਾਲ ਛਾਨਣੀ ਹੋ ਚੁੱਕੇ
ਸਾਡੇ ਖੰਭਾਂ ਨੇ ਪਾਉਣੀ ਹੈ

ਸਾਡੀਆਂ ਹੂਕਾਂ ਸੁਣ ਕੇ ਅੱਖਾਂ ਭਰਦਿਆ
ਝੱਲਿਆ ਸਾਵਣ ਵੀਰਿਆ!
ਨਾ! ਇਉਂ ਪਿਛਲੇ ਪੈਰੀਂ ਨਾ ਪਰਤ
ਅਸੀਂ
ਤੇਰੇ ਪਾਣੀਆਂ ਨਾਲ ਜ਼ਖ਼ਮ ਧੋਣੇ ਨੇ
ਖੰਭਾਂ ਨੂੰ ਫਿਰ ਬਿਜਲੀਆਂ ਦੇ ਪਾਹ ਚੜ੍ਹਾਉਣੇ ਨੇ
ਕੱਟੀਆਂ ਧੌਣਾਂ 'ਤੇ ਨਵੇਂ ਸਿਰ ਉਗਾਉਣੇ ਨੇ।

•



## ਕੁੜੀ ਹੁਣ ਕੋਈ ਖਤ ਨਹੀਂ ਲਿਖੇਗੀ

ਕੁੜੀ ਹੁਣ ਜਾਣ ਗਈ ਹੈ
ਕਿ ਕਿੰਨੀ ਕੁ ਪੀਡੀ ਹੈ ਤੇਰੇ ਵਾਅਦਿਆਂ ਦੀ ਗੰਢ
ਤੇ ਕਿੰਨਾ ਕੁ ਗੂੜ੍ਹਾ ਹੈ ਤੇਰੀ ਮੁਹੱਬਤ ਦਾ ਰੰਗ

ਲੱਭ ਲਿਆ ਹੈ ਉਹਨੇ
ਆਕਾਸ਼-ਗੰਗਾ ਤੋਂ ਪਰ੍ਹਾਂ ਦੀ ਹੋ ਕੇ
ਆਪਣੀ ਖ਼ੁਸ਼ੀ ਦੇ ਘਰ ਵੱਲ ਜਾਂਦਾ ਰਾਹ

ਤੇ ਖੁਰਚ ਲਈਆਂ ਨੇ
ਸੰਦਲੀ ਤਲੀਆਂ ਉੱਤੋਂ
ਉਮਰ ਭਰ ਦੀਆਂ ਉਡੀਕਾਂ ਵਾਲੀਆਂ ਰੇਖਾਵਾਂ

ਮਿਥ ਲਿਆ ਹੈ ਉਹਨੇ ਵੀ ਖੇਡਣਾ
ਰੰਗਾਂ ਨਾਲ, ਰੁੱਤਾਂ ਨਾਲ
ਵਾਅਦਿਆਂ ਨਾਲ, ਇਰਾਦਿਆਂ ਨਾਲ

ਸਿੱਖ ਲਿਆ ਹੈ ਉਹਨੇ ਵੀ ਪਰਚਣਾ
ਸ਼ਬਦਾਂ ਦੇ ਛਣਕਣੇ ਨਾਲ,
ਅਰਥਾਂ ਦੇ ਮਣਕਣੇ ਨਾਲ

ਤੇ ਆ ਗਈਆਂ ਨੇ ਉਹਨੂੰ ਵੀ
ਵੰਡਣੀਆਂ ਚੂਲੀਆਂ
ਮਿਰਗ-ਛਲ ਦੀ ਸ਼ਰਬਤੀ ਝੀਲ ਵਿੱਚੋਂ

ਇਸ ਲਈ ਰਾਹੀਆ!
ਆਪਣੀ ਗਠੜੀ ਵਿੱਚ ਬੰਨ੍ਹ
ਦੋ ਪਲਾਂ ਦੇ ਵਸਲ ਦਾ ਸਰਾਪ
ਤੇ ਸੁਰਮਈ ਨੈਣਾਂ 'ਚੋਂ ਡਲ੍ਹਕੇ ਦੋ ਪਾਣੀ-ਰੰਗੇ ਮੋਤੀ

ਤੇ ਤੁਰਦਾ ਹੋ..

ਜਾਹ...ਜਾਹ...
ਇੰਜ ਪਿੱਛੇ ਭਉਂ ਭਉਂ ਕੇ
ਵਫਾ ਦੇ ਚਿਹਰੇ ਤੋਂ ਬਿਰਹਾ ਦੇ ਨਕਸ਼ ਨਾ ਟੋਲ
ਕੁੜੀ ਹੁਣ ਕੋਈ ਖਤ ਨਹੀਂ ਲਿਖੇਗੀ

ਕੁੜੀ ਹੁਣ ਕੋਈ ਵੀ ਖਤ ਨਹੀਂ ਲਿਖੇਗੀ।

•



## ਸਬਰਾਂ ਦਾ ਸ਼ੀਸ਼ਾ

ਕਦੀ ਸਬਰਾਂ ਦਾ ਸ਼ੀਸ਼ਾ ਤਿੜਕਿਆ
ਤਾਂ ਇਹ ਨਾ ਸਮਝੀਂ
ਮੁਹੱਬਤ ਕੱਚ ਵਰਗੀ ਹੈ
ਟੁੱਟ ਕੇ ਠਰ ਹੀ ਜਾਏਗੀ

ਤੇਰੀ ਦੇਹਲੀ 'ਤੇ ਸਜਦਾ ਮਰ ਗਿਆ
ਤਾਂ ਇਹ ਨਾ ਜਾਣੀਂ
ਵਫਾ ਅੱਲ੍ਹੜ ਕੁੜੀ ਹੈ
ਲਾਂਬੂਆਂ ਤੋਂ ਡਰ ਹੀ ਜਾਏਗੀ

ਮੇਰੇ ਮੱਥੇ 'ਤੇ ਨੀਲ ਉੱਗਿਆ
ਤਾਂ ਇਹ ਨਾ ਸਮਝੀਂ
ਇਹ ਕੁਰਬਾਨੀ ਦੀ ਜਾਈ ਹੈ
ਇਹ ਮੇਰੇ ਦਰ ਹੀ ਆਏਗੀ

ਮੇਰੀ ਗਾਨੀ ਦਾ ਧਾਗਾ ਟੁੱਟਿਆ
ਤਾਂ ਇਹ ਨਾ ਜਾਣੀਂ
ਇਹ ਚੰਬੇ ਦੀ ਚਿੜੀ ਹੈ
ਉੱਡ ਕੇ ਫਿਰ ਘਰ ਹੀ ਆਏਗੀ

ਕਿ ਮੈਂ ਹੁਣ
ਹਉਕਿਆਂ ਦੀ ਜੂਨ ਵਿੱਚੋਂ ਪਾਰ ਹੋਈ
ਤੇਰੇ ਦਰਬਾਰ ਦੇ
ਸਭ ਫਤਵਿਆਂ ਤੋਂ ਬਾਹਰ ਹੋਈ

ਮੈਂ ਆਪਣੇ ਹਸ਼ਰ ਦੇ
ਗਿਣ ਕੇ ਹਿਸਾਬ ਮੰਗਣੇ ਨੇ
ਤੇ ਸਭ ਜ਼ਖ਼ਮਾਂ ਦੇ ਦੀਵੇ
ਚੌਂਕ ਦੇ ਵਿੱਚ ਬਾਲਣੇ ਨੇ

ਤੇਰੀ ਹਰ ਰਾਤ 'ਚੋਂ
ਮੈਂ ਚੰਦ ਤਾਰੇ ਤੋੜਨੇ ਨੇ
ਤੇ ਲੇਖ ਆਪਣੇ
ਆਪਣੇ ਹੀ ਹੱਥੀਂ ਜੋੜਨੇ ਨੇ ।

•



## ਔਰਤ ! ਓ ਔਰਤ !

ਔਰਤ! ਓ ਔਰਤ!
ਇਹੋ ਜੂਨ ਤੇਰੀ
ਇਹ ਤੂੰ ਹੀ ਹੰਢਾਣੀ
ਕਿਸੇ ਨਾ ਹੰਢਾਣੀ

ਜਦ ਤਿਲ੍ਹਕੇਂ, ਤਾਂ ਦੇਵੇ ਸਹਾਰਾ ਨਾ ਕੋਈ
ਜਦ ਡਿੱਗੇਂ, ਉਠਾਵੇ ਦੁਬਾਰਾ ਨਾ ਕੋਈ
ਤੂੰ ਖ਼ੁਦ ਛਾਲ ਮਾਰੀ, ਸਮੁੰਦਰ 'ਚ ਮੋਹ ਦੇ
ਜਦ ਡੁੱਬੇਂ, ਤਾਂ ਬਣਦਾ ਕਿਨਾਰਾ ਨਾ ਕੋਈ
ਔਰਤ! ਓ ਔਰਤ! ਇਹੋ ਹੋਣੀ ਤੇਰੀ
ਇਹ ਤੂੰ ਹੀ ਪੁਗਾਣੀ, ਕਿਸੇ ਨਾ ਪੁਗਾਣੀ

ਤੂੰ ਹਾਰੀ, ਜਦ ਹੋਈ ਮਜਬੂਰ ਆਪਣੇ ਤੋਂ
ਤੂੰ ਹਾਰੀ, ਜਦ ਹਾਰੀ ਸੰਧੂਰ ਆਪਣੇ ਤੋਂ
ਤੂੰ ਰੁਕ ਨਾ ਸੀ ਸਕਦੀ,ਤੂੰ ਝੁਕ ਨਾ ਸੀ ਸਕਦੀ
ਤੂੰ ਹਾਰੀ ਤਾਂ ਹਾਰੀ ਹੈਂ ਨੂਰ ਆਪਣੇ ਤੋਂ
ਔਰਤ! ਓ ਔਰਤ! ਇਹੋ ਹਾਰ ਤੇਰੀ
ਇਹ ਤੂੰ ਹੀ ਜਿਤਾਣੀ, ਕਿਸੇ ਨਾ ਜਿਤਾਣੀ

ਕੋਈ ਜੂਏ 'ਚ ਹਾਰੇ, ਤੂੰ ਫਿਰ ਉਹੋ ਔਰਤ
ਕੋਈ ਅੱਗ ਵਿੱਚ ਸਾੜੇ, ਤੂੰ ਫਿਰ ਉਹੋ ਔਰਤ
ਕੋਈ ਪ੍ਰੀਖਿਆ ਮੰਗੇ, ਤੂੰ ਫਿਰ ਉਹੋ ਔਰਤ
ਕੋਈ ਲਹੂ ਵਿੱਚ ਰੰਗੇ, ਤੂੰ ਫਿਰ ਉਹੋ ਔਰਤ

ਔਰਤ! ਓ ਔਰਤ!
ਇਹੋ ਕੁੰਜ ਤੇਰੀ
ਇਹ ਤੂੰ ਹੀ ਹੈ ਲਾਹਣੀ, ਕਿਸੇ ਨੇ ਨਾ ਲਾਹਣੀ

ਔਰਤ! ਓ ਔਰਤ!
ਇਹੋ ਜੂਨ ਤੇਰੀ
ਇਹ ਤੂੰ ਹੀ ਬਚਾਣੀ
ਕਿਸੇ ਨਾ ਬਚਾਣੀ।

•



## ਤੇਜ਼ਾਬੀ ਹਕੀਕਤਾਂ

ਮੈਂ ਹੱਬਾ ਦੀ ਜਾਈ ਅੱਜ ਤੁਹਾਨੂੰ ਮੁਖ਼ਾਤਿਬ ਹਾਂ
ਪਾਟੇ ਹੋਏ ਮੱਥੇ 'ਚ ਇਕ ਸਵਾਲ ਲੈ ਕੇ
ਸੁੰਨੀਆਂ ਅੱਖਾਂ 'ਚ ਇੱਕ ਮਸ਼ਾਲ ਲੈ ਕੇ

ਜਦ ਦੋ ਆਦਮ ਆਪਸ ਦੇ ਵਿੱਚ ਉਲਝਦੇ ਨੇ
ਭਖਦੇ ਬੋਲਾਂ ਦੀ ਜਦੋਂ ਜੰਗ ਛੇੜਦੇ ਨੇ
ਕਿਉਂ ਹੁੰਦਾ ਹੈ?
ਮਾਂ, ਧੀ ਜਾਂ ਫਿਰ ਭੈਣ ਦਾ ਬਲਾਤਕਾਰ
ਸੁਆਦ ਸੁਆਦ ਹੁੰਦੇ ਓ ਮੇਰੀ ਲਾਜ ਦੇ ਕੱਜਣ ਨੂੰ ਪਾੜ
ਮੇਰੇ ਵੱਲ ਨੂੰ ਭੇਜਦੇ ਓ!
ਮੈਲ਼ੇ-ਮੈਲ਼ੇ ਆਪਣੇ ਲਫ਼ਜ਼ਾਂ ਦੀ ਭੀੜ

ਹੁਣ ਮੇਰਾ ਜੇਰਾ ਵੀ ਦੇਖੋ
ਮੈਂ ਜਦੋਂ ਵੀ ਇਸ ਤਰ੍ਹਾਂ ਦੀ
ਚਗਲ਼ੀ ਜੂਨ ਹੰਢਾਉਂਦੀ ਹੋਈ
ਕੁਝ ਸੋਹਣੇਰਾ ਸਿਰਜਦੀ ਹਾਂ,
ਕੁਝ ਚੰਗੇਰਾ ਕਰ ਦਿਖਾਵਾਂ

ਤਾਂ ਉਦੋਂ ਵੀ ਸਭ ਅਸੀਸਾਂ ਤੁਹਾਡੇ ਹਿੱਸੇ
'ਸਾਈਂ ਜੀਵੇ-ਬੁੱਢ ਸੁਹਾਗਣ'
'ਵੀਰ ਜਿਉਣ-ਪੁੱਤ ਖਿਡਾਵੇਂ'
ਹਰ ਅਰਮਾਨ ਤੁਹਾਡੀ ਖਾਤਿਰ
ਹਰ ਵਰਦਾਨ ਤੁਹਾਡੀ ਖਾਤਿਰ

ਹੋ ਸਕੇ ਤਾਂ
ਸਰਵ-ਉੱਚਤਾ ਦੀ ਕਾਲੀ ਨਕਾਬ ਲਾਹ ਕੇ
ਈਮਾਨ ਦੇ ਸ਼ੀਸ਼ੇ ਦੇ ਵਿੱਚ ਆਪਣਾ ਮੂੰਹ ਤੱਕਿਓ!
ਜਿਹੜੇ ਮੂੰਹ ਨਾਲ ਕਹਿੰਦੇ ਓ
ਕਿ ਔਰਤ ਆਪਣੇ ਹਸ਼ਰ ਲਈ ਬੱਸ ਆਪ ਜ਼ਿੰਮੇਵਾਰ ਹੈ
ਪੈਰ ਦੀ ਜੁੱਤੀ ਦਾ ਸਿਰ ਵੱਲ ਆਉਣਾ ਸੋਗਵਾਰ ਹੈ

ਮੈਂ ਕਹਿੰਦੀ ਹਾਂ
ਕੱਢ ਲਏ ਮੈਂ ਪੈਰ ਇਸ ਦਲਦਲ ਦੇ ਵਿੱਚੋਂ
ਅੱਜ ਐਲਾਨਾਂ ਆਪਣੇ ਮਕਤਲ ਦੇ ਵਿੱਚੋਂ

ਹੁਣ ਤੁਹਾਡੇ ਸਾਜਿਸ਼ੀ ਚੱਕਰ-ਵਿਯੂਹ ਵਿੱਚ ਆਉਣਾ ਨਹੀਂ ਮੈਂ
ਹੁਣ ਨਕਲੀ ਪਰਮੇਸ਼ਰਾਂ ਦੀ ਰਜ਼ਾ ਵਿੱਚ ਸੌਣਾ ਨਹੀਂ ਮੈਂ
ਹੁਣ ਤੁਹਾਡੀ ਚੱਕੀ ਬਣ ਕੇ ਇਸ ਤਰ੍ਹਾਂ ਭੌਣਾ ਨਹੀਂ ਮੈਂ
ਹੁਣ ਤੁਹਾਡੇ ਸਾਜਿਸ਼ੀ ਚੱਕਰ-ਵਿਯੂਹ ਵਿੱਚ ਆਉਣਾ ਨਹੀਂ ਮੈਂ।

•



## ਬਾ-ਮੁਲਾਹਜ਼ਾ ਹੋਸ਼ਿਆਰ

ਮੈਂ ਕੱਲ੍ਹ ਵਾਲੀ ਸੀਤਾ ਨਹੀਂ, ਜਿਸਦੀ ਮਹਾਨਤਾ
ਆਪਣੇ ਚਾਂਦੀ ਵਰਗੇ ਉਜਲੇ ਬਦਨ ਉੱਤੇ ਪੈਂਦੀਆਂ
ਤੇਰੀਆਂ ਸ਼ੱਕ ਦੇ ਗਾਰੇ ਨਾਲ ਲਿੱਬੜੀਆਂ
ਨੁਕੀਲੀਆਂ ਨਿਗਾਹਾਂ ਨੂੰ ਪ੍ਰਣਾਮ ਕਰੇਗੀ
ਅਤੇ ਫਿਰ ਸ਼ਰਮ ਨਾਲ ਪਾਣੀ ਹੋ ਕੇ
ਪਤਾਲ ਵਿੱਚ ਧਸ ਜਾਏਗੀ

ਮੈਂ..? ਮੈਂ ਤਾਂ ਆਪਣੇ ਇਸ ਹਸ਼ਰ ਦਾ ਕਾਰਨ ਪੁੱਛਣ ਲਈ
ਇਕ ਖੁਰਦਰਾ ਸਵਾਲ ਬਣ ਕੇ
ਤੇਰੇ ਸਾਹਵੇਂ ਤਣ ਜਾਵਾਂਗੀ
ਸਵਾਲ, ਜੋ ਇਕ ਕੰਡਿਆਲੇ ਕੀੜੇ ਵਾਂਗ
ਤੇਰੀ ਰਗ ਰਗ ਵਿੱਚ ਰੀਂਗਦਾ ਰਹੇਗਾ

ਮੈਂ ਦ੍ਰੋਪਦੀ ਵੀ ਨਹੀਂ
ਜਿਹੜੀ ਤੇਰੀ ਮੌਜ-ਮਸਤੀ ਲਈ
ਆਪਣੇ-ਆਪ ਨੂੰ ਦਾਅ 'ਤੇ ਲਗਾਏ ਜਾਣ ਤੋਂ ਬਾਅਦ
ਬੇਸ਼ਰਮ ਅੱਖਾਂ ਦੀ ਭਰੀ ਸਭਾ ਵਿੱਚ
ਤਮਾਸ਼ਾ ਬਣ ਰਹੇ ਆਪਣੇ ਨੰਗੇਜ਼ ਨੂੰ
ਸੌ ਹੀਲਿਆਂ ਨਾਲ ਕੱਜਣ ਦੀ ਕੋਸ਼ਿਸ਼ ਕਰਨ ਪਿਛੋਂ ਵੀ
ਤੇਰੇ ਨਾਲ ਬਨਵਾਸ ਨੂੰ ਤੁਰ ਪਏਗੀ
ਤੇ ਤੇਰੇ ਭੁੱਖੇ ਢਿੱਡ ਨੂੰ ਤ੍ਰਿਪਤੀ ਦੇਣ ਲਈ
ਹੱਥੀਂ ਭੋਜਨ ਤਿਆਰ ਕਰੇਗੀ

ਮੈਂ...? ਮੈਂ ਤਾਂ ਤੇਰੀ ਇਸ ਨਾਮਰਦੀ ਭਰੀ ਕਰਨੀ ਦਾ
ਇਕ ਮੂੰਹਤੋੜ ਜਵਾਬ ਬਣ ਕੇ
ਤੇਰੇ ਸਨਮੁਖ ਖੜ੍ਹ ਜਾਵਾਂਗੀ
ਜਵਾਬ, ਜੋ ਸਾਰੇ ਬ੍ਰਹਿਮੰਡ ਵਿੱਚ
ਇਸ ਤਰ੍ਹਾਂ ਬਿਖਰ ਜਾਏਗਾ
ਕਿ ਤੂੰ ਕਿਸੇ ਵੀ ਜਾਨ-ਬੇਜਾਨ ਚੀਜ਼ ਨਾਲ
ਆਪਣੀਆਂ ਦੋਸ਼ੀ ਨਿਗਾਹਾਂ ਮਿਲਾਣ ਤੋਂ ਤ੍ਰਭਕੇਂਗਾ

ਹਾਂ..ਮੈਂ ਸਾਵਿਤ੍ਰੀ ਤਾਂ ਹੋ ਸਕਦੀ ਹਾਂ
ਜਿਹੜੀ ਤੇਰੇ ਅਹਿਲ ਜਿਸਮ ਦੇ ਖਾਲੀ ਖਾਕੇ ਵਿੱਚ
ਜ਼ਿੰਦਗੀ ਦੇ ਰੰਗ ਭਰਨ ਲਈ
ਯਮਰਾਜ ਨਾਲ ਆਢਾ ਲਾ ਬੈਠੇ
ਤੇ ਆਪਣੇ ਸਰੀਰ ਦੇ ਰੇਸ਼ੇ ਰੇਸ਼ੇ ਉੱਤੇ
ਤੇਰੇ ਮੁਹੱਬਤੀ ਵਜੂਦ ਦਾ ਸੋਨ-ਰੰਗਾ ਨਾਮ ਲਿਖਾ ਬੈਠੇ

ਪਰ ਤੂੰ...ਮੇਰੇ ਚਾਂਦੀ ਵਰਗੇ ਉਜਲੇ ਬਦਨ ਉੱਤੇ
ਆਪਣੀਆਂ ਸ਼ੱਕ ਦੇ ਗਾਰੇ ਨਾਲ ਲਿੱਬੜੀਆਂ ਨਿਗਾਹਾਂ
ਸੁੱਟਣ ਤੋਂ ਪਹਿਲਾਂ
ਤੇ ਖੇਡ ਖੇਡ ਵਿੱਚ ਹੀ
ਮੈਨੂੰ ਦਾਅ 'ਤੇ ਲਗਾਣ ਤੋਂ ਪਹਿਲਾਂ
ਇਕ ਵਾਰੀ ਸੋਚ ਲਵੀਂ!
ਇਕ ਵਾਰੀ ਸੋਚ ਲਵੀਂ!

•



## ਬਣੀ ਹੈ, ਬਣੇਗੀ ਸਿਦਕਾਂ ਦੀ ਪਹਿਰੇਦਾਰ ਮੇਰੀ ਗੁੱਤ

ਕਦੇ ਬਿਜਲੀ, ਕਦੇ ਤਿਤਲੀ, ਕਦੇ ਕਚਨਾਰ ਮੇਰੀ ਗੁੱਤ
ਅਜੇ ਕਈ ਰੰਗ ਦਿਖਾਏਗੀ, ਤੈਨੂੰ ਸਰਕਾਰ ਮੇਰੀ ਗੁੱਤ

ਹੁਣੇ ਕਣੀਆਂ 'ਚ ਨਾਹਤੀ ਹੈ, ਹੁਣੇ ਕਿਰਨਾਂ 'ਚ ਗੁੰਦੀ ਹੈ
ਲੈ ਫੜ ਲੈ ਜਿਗਰ, ਕਰਦੀ ਆਈ ਮਾਰੋ-ਮਾਰ ਮੇਰੀ ਗੁੱਤ

ਤੂੰ ਉੱਠ ਕੇ ਕਿਧਰ ਨੂੰ ਜਾਨੈਂ ?ਕਿਥੋਂ ਤੱਕ ਜਾ ਸਕੇਂਗਾ ਤੂੰ ?
ਵਲ੍ਹੇਟੇ ਪਾ ਕੇ ਖਿੱਚ ਲਏਗੀ, ਤੈਨੂੰ ਦਿਲਦਾਰ ਮੇਰੀ ਗੁੱਤ

ਜਿਹੜੇ ਕਹਿੰਦੇ ਨੇ, ਰਹਿੰਦੀ ਅਕਲ ਹੈ, ਬੱਸ ਗੁੱਤ ਦੇ ਹੇਠਾਂ
ਉਹਨਾਂ ਨੂੰ ਅਕਲ ਵੰਡੇਗੀ, ਸਰੇ-ਬਾਜ਼ਾਰ ਮੇਰੀ ਗੁੱਤ

ਜੋ ਲਾਸ਼ਾਂ ਵੱਲ ਪਿੱਠ ਕਰਕੇ, ਨੇ ਬੈਠੇ ਚੂੜੀਆਂ ਪਾ ਕੇ
ਉਹਨਾਂ ਨੂੰ ਅੱਜ ਮੁੜ-ਮੁੜ ਕੇ ਰਹੀ ਵੰਗਾਰ ਮੇਰੀ ਗੁੱਤ

ਕਦੇ ਇਹ ਲੋਗੜੀ ਦਾ ਫੁੱਲ, ਕਦੇ ਇਹ ਜਰਗ ਦਾ ਮੇਲਾ
ਰਾਣੀ ਗਿੱਧਿਆਂ ਦੀ, ਗੀਤਾਂ ਦਾ ਸ਼ਿੰਗਾਰ ਮੇਰੀ ਗੁੱਤ

ਕਦੇ ਇਹ ਹਵਸੀਆਂ ਹੱਥੋਂ ਹੈ ਰੋਲ਼ੀ ਜਾਂਦੀ ਸੜਕਾਂ 'ਤੇ
ਦਾਜ ਲਈ ਸਾੜੀ ਜਾਂਦੀ ਹੈ ਕਦੇ, ਸੰਸਾਰ! ਮੇਰੀ ਗੁੱਤ

ਪਰ ਇੱਕ ਦਿਨ ਇੰਜ ਮੱਚੇਗੀ ਕਿ ਦੁਨੀਆਂ ਨੂੰ ਮਚਾ ਦਏਗੀ
ਘੱਲੇਗੀ ਸਿਵਿਆਂ ਵਿਚੋਂ ਦਹਿਕਦੇ ਅੰਗਿਆਰ ਮੇਰੀ ਗੁੱਤ

ਚਾਂਦੀ ਦੇ ਕਲਿੱਪ ਲਾ ਕੇ, ਨੱਚੇ ਅਮਨਾਂ ਦੇ ਵਿਹੜੇ ਵਿੱਚ
ਜੰਗ ਵਿੱਚ ਨੱਚਦੀ ਹੈ, ਬਣ ਕੇ ਇੱਕ ਤਲਵਾਰ ਮੇਰੀ ਗੁੱਤ

ਤਲੀ 'ਤੇ ਸੀਸ ਧਰ ਕੇ ਜਾਣਦੀ ਕੁਰਬਾਨ ਹੋ ਜਾਣਾ
ਬਣੀ ਹੈ, ਬਣੇਗੀ ਸਿਦਕਾਂ ਦੀ ਪਹਿਰੇਦਾਰ ਮੇਰੀ ਗੁੱਤ

ਬੇਦਾਵਾ ਲਿਖ ਕੇ ਆਏ ਤਾਂ, ਇਹਨੇ ਸ਼ਮਸ਼ੀਰ ਹੋ ਜਾਣੈਂ
ਤੁਹਾਡੀ ਹਿੱਕ 'ਚੋਂ ਹੋਏਗੀ ਆਰ-ਪਾਰ ਮੇਰੀ ਗੁੱਤ

ਇਹ ਖ਼ੁਦ ਹੀ ਕਦਮ ਪੁੱਟੇਗੀ, ਇਹ ਖ਼ੁਦ ਹੀ ਪਾਏਗੀ ਮੰਜ਼ਿਲ
ਕਿਸੇ ਦਾ ਕਰ ਨਹੀਂ ਸਕਦੀ, ਹੁਣ ਇੰਤਜ਼ਾਰ ਮੇਰੀ ਗੁੱਤ।
•



## ਸੱਚ ਦੇ ਰੂਬਰੂ

ਤੁਸੀਂ ਤਾਂ ਮੈਨੂੰ ਜੰਡ 'ਤੇ
ਤਰਕਸ਼ ਟੰਗਦਿਆਂ ਹੀ ਦੇਖਿਆ ਹੈ
ਕਦੇ ਨਹੀਂ ਬਦਨਾਮ ਕੀਤਾ,
ਮਿਰਜ਼ੇ ਦੀ ਨੀਂਦ-ਤ੍ਰਿਸ਼ਨਾ ਨੂੰ
ਜਿਹਦਾ ਸਿਰਹਾਣਾ ਬਣਾ ਕੇ,
ਉਹਨੇ ਆਪਣੀਆਂ ਸੁਪਨੀਲੀਆਂ
ਅੱਖਾਂ ਮੀਚ ਲਈਆਂ ਸਨ

ਕਦੇ ਨਹੀਂ ਥਰਥਰਾਈਆਂ
ਤੁਹਾਡੇ ਸ਼ਾਹੀ ਕਿਲ੍ਹੇ ਦੀਆਂ ਕੰਧਾਂ
ਹਵਾ ਵਿੱਚ ਵਿਲਕਦੇ
ਮੇਰੇ ਹਾੜ੍ਹਿਆਂ ਨੂੰ ਸੁਣ ਕੇ
ਜਿਹੜੇ ਮੈਂ ਮਿਰਜ਼ੇ ਅੱਗੇ
ਜਾਗਦੇ ਰਹਿਣ ਲਈ ਕੱਢੇ

ਕਦੇ ਨਹੀਂ ਡੋਲਿਆ
ਤੁਹਾਡੇ ਅੰਤਹਕਰਨ ਦਾ ਸਿੰਘਾਸਣ
ਮੇਰੀਆਂ ਜ਼ਖ਼ਮੀ ਅਰਦਾਸਾਂ ਦੀ ਪੀੜ ਵਿਚ ਭਿੱਜ ਕੇ
ਜਿਹੜੀਆਂ ਮੈਂ ਕਿਸੇ ਹੋਣੀ ਨੂੰ ਰੋਕਣ ਲਈ
ਮਿਰਜ਼ੇ ਦੇ ਸੌਂ ਜਾਣ 'ਤੇ ਕੀਤੀਆਂ
ਤੇ ਜਿਹੜੀਆਂ ਮੇਰੇ ਬੰਨ੍ਹੇ ਹੱਥਾਂ ਦੀ
ਅੰਬਰ ਵੱਲ ਝਾਕਦੀ ਝੀਤ 'ਚੋਂ
ਕਤਰਾ ਕਤਰਾ ਕਿਰ ਗਈਆਂ

ਕਦੇ ਨਹੀਂ ਭੁਰੇ ਤੁਹਾਡੀ ਜ਼ਮੀਰ ਦੇ ਕਿਨਾਰੇ
ਅੰਮੀ-ਜਾਇਆਂ ਨਾਲ ਸਾਂਝੇ ਮੇਰੇ ਲਹੂ ਦੇ
ਜਵਾਰਭਾਟੇ ਨੂੰ ਮਹਿਸੂਸ ਕੇ
ਜਿਹਨੇ ਮੇਰਾ ਤਰਕਸ਼ ਵਾਲਾ ਹੱਥ
ਜੰਡ ਜਿੱਡਾ ਉੱਚਾ ਕਰ ਦਿੱਤਾ ਸੀ

ਤੇ ਕਦੀ ਨਹੀਂ ਪੜ੍ਹਿਆ ਤੁਸੀਂ
ਉਸ ਪੀੜ ਦਾ ਸਿਰਨਾਵਾਂ
ਜਿਸਨੇ ਮੇਰੇ ਜਿਸਮ ਦੇ ਚੱਪੇ ਚੱਪੇ ਉੱਤੇ
ਸਿਵਿਆਂ ਦੀ ਫਸਲ ਬੀਜ ਦਿੱਤੀ

ਤੁਸੀਂ,
ਜਿਹੜੇ ਹਰ ਰਿਸ਼ਤੇ ਦੀ ਬੁੱਕਲ ਵਿੱਚ ਬਹਿ ਕੇ
ਆਪਣੇ-ਆਪ ਨੂੰ ਸਿਰਫ ਮਹਾਂ-ਮਰਦ ਚਿਤਵਦੇ ਓ
ਕਿੰਜ ਪਹੁੰਚ ਸਕੋਗੇ ਉਸ ਬੁਲੰਦੀ ਤੱਕ
ਜਿੱਥੇ ਔਰਤ ਜਦੋਂ ਮਹਿਬੂਬ ਹੁੰਦੀ ਹੈ
ਓਦੋਂ ਹੀ ਇਕ ਧੀ, ਇਕ ਭੈਣ ਵੀ ਹੁੰਦੀ ਹੈ

ਤੁਸੀਂ ਤਾਂ ਮੈਨੂੰ ਜੰਡ 'ਤੇ
ਤਰਕਸ਼ ਟੰਗਦਿਆਂ ਹੀ ਦੇਖਿਆ ਹੈ
ਕਦੇ ਨਹੀਂ ਬਦਨਾਮ ਕੀਤਾ
ਨੀਂਦ ਦੀ ਉਸ ਤ੍ਰਿਸ਼ਨਾ ਨੂੰ
ਜਿਹਦਾ ਸਿਰਹਾਣਾ ਬਣਾ ਕੇ
ਮਿਰਜ਼ੇ ਨੇ ਆਪਣੀਆਂ
ਸੁਪਨੀਲੀਆਂ ਅੱਖਾਂ ਮੀਚ ਲਈਆਂ ਸਨ।

•



## ਅਹੱਲਿਆ

ਰੰਗ ਤਾਂ ਤੇਰਾ ਹੀ ਏਨਾ ਕੱਚਾ ਸੀ
ਜੋ ਪਲਾਂ ਵਿੱਚ
ਕਿਸੇ ਹੋਰ ਮੁੱਖ 'ਤੇ ਚੜ੍ਹ ਗਿਆ

ਸੰਭਾਲ ਤਾਂ ਤੈਥੋਂ ਹੀ ਨਾ ਹੋਇਆ ਆਪਣਾ ਵਜੂਦ
ਜੋ ਛਿਣਾਂ ਵਿੱਚ
ਕਿਸੇ ਹੋਰ ਦਾ ਹੋ ਗਿਆ

ਇਹ ਤੇਰੀ ਹੀ ਹੀਣਤਾ ਦੀ ਡੂੰਘਾਣ ਸੀ
ਜਿਸਨੂੰ ਲੁਕਾਉਣ ਲਈ
ਤੂੰ ਮੈਨੂੰ ਪੱਥਰ ਕੀਤਾ

ਇਹ ਤਾਂ ਮੇਰੇ ਹੀ ਜੇਰੇ ਦੀ ਬੁਲੰਦੀ ਸੀ
ਜਿਸਨੇ
ਤੇਰਾ ਸੱਚ ਵੀ ਹੰਢਾਇਆ, ਤੇਰਾ ਕੱਚ ਵੀ

ਹਉਮੈਂ ਦੇ ਤਖ਼ਤ 'ਤੇ ਬਹਿ ਕੇ
ਤਰਕਹੀਨ ਫੈਸਲੇ ਦਿੰਦਿਆ ਮੁਨਸਿਫਾ!
ਹੁਣ ਮੇਰੇ ਸੱਚ ਦੇ ਕਟਹਿਰੇ ਵਿੱਚ ਵੀ ਖੜ੍ਹਾ ਹੋ!

ਕਿ ਅੱਜ ਮੇਰੇ ਬੁੱਤ ਨੂੰ
ਕਿਸੇ ਰਾਮ ਨੇ ਨਹੀਂ
ਮੇਰੇ ਸਵੈਮਾਨ ਨੇ ਛੋਹਿਆ ਹੈ

ਤੇ ਮੈਂ ਇਨਕਾਰੀ ਹਾਂ
ਤੇਰਾ ਇਹ ਸਰਾਪ ਕਬੂਲਣ ਤੋਂ
ਕਿ ਇਕ ਮਰਦ ਦੇ ਛੋਹਣ ਕਰਕੇ ਪੱਥਰ ਹੋ ਜਾਵਾਂ
ਤੇ ਦੂਜੇ ਦੇ ਛੋਹਣ ਕਰਕੇ ਜੀਵਿਤ ਹੋ ਉੱਠਾਂ

ਜੇ ਮਰਦ ਹੈਂ,
ਤਾਂ ਆਪਣੀ ਹੀਣਤਾ ਦੀ ਸਜ਼ਾ ਤੂੰ ਖ਼ੁਦ ਭੋਗ

ਜੇ ਨਾਮਰਦ ਨਹੀਂ,
ਤਾਂ ਆਪਣਾ ਸਰਾਪ ਤੂੰ ਆਪ ਹੰਢਾ

ਮੈਂ ਅੱਜ ਪੂਰੇ ਹੋਸ਼ੋ-ਹਵਾਸ ਵਿੱਚ
ਬੇਦਖ਼ਲ ਕਰਦੀ ਹਾਂ ਆਪਣੇ ਜਿਸਮ ਵਿਚੋਂ
ਗੌਤਮ! ਤੈਨੂੰ ਵੀ,
ਇੰਦਰ ਨੂੰ ਵੀ,
ਰਾਮ ਨੂੰ ਵੀ।

•



## ਨਵੀਂ ਦਿਸ਼ਾ-ਨਵੀਂ ਚੇਤਨਾ

ਇਕੀਵੀਂ ਸਦੀ, ਕੰਪਿਊਟਰ ਦਾ ਯੁੱਗ
ਵਿਗਿਆਨ ਦੀ ਚਕਾਚੌਂਧ
ਤੇ ਮੈਂ ਇਕ ਵਸਤੂ
ਜਿਸਨੂੰ ਤੁਸੀਂ ਸਤਭੰਗੀ ਗਾਲਾਂ ਕੱਢਦੇ
ਜ਼ੇਹਨੀ ਸੈਕਸ ਦੇ ਚੁਬਾਰੇ ਚੜ੍ਹਦੇ

ਸਦੀਆਂ ਤੋਂ ਖੁੱਲ੍ਹੇ ਮੀਨਾ ਬਜ਼ਾਰ ਵਿੱਚ
ਮੈਂ ਗੁਲਾਬੀ ਮਾਸ ਦਾ ਇਕ ਕਲਬੂਤ
ਜਿਸਨੂੰ ਤੁਸੀਂ ਵੇਚਦੇ, ਵੱਟਦੇ
ਵੰਡਦੇ, ਹੰਢਾਉਂਦੇ, ਰੀਝਦੇ, ਪਸੀਜਦੇ

ਤੇ ਭੁੱਲ ਜਾਂਦੇ ਕਿ ਮੈਂ ਹੀ ਹਾਂ
ਅੰਬਰ ਦੇ ਪੂਰਵੀ ਪੱਤਣ ’ਤੇ ਖੜ੍ਹੀ ਸੁੱਚੀ ਸਰਘੀ
ਜਿਹਦੀ ਬੁੱਕਲ ’ਚੋਂ ਉਦੈ ਹੁੰਦੇ ਕਿੰਨੇ ਹੀ ਸੂਰਜ
ਗੁਰੂ ਨਾਨਕ, ਗੋਬਿੰਦ, ਈਸਾ, ਰਾਮ, ਮੁਹੰਮਦ

ਤੇ ਹੋਰ ਕਿੰਨੇ ਹੀ
ਜਿਹੜੇ ਤੁਹਾਡੀ ਮੈਲ਼ੀ ਹਯਾਤੀ ਨੂੰ
ਮਾਂਜਦੇ, ਧੋਂਦੇ, ਚਮਕਾਉਂਦੇ, ਖਿੜਾਉਂਦੇ
ਬਖ਼ਸ਼ਦੇ, ਵਰੋਸਾਉਂਦੇ,
ਭਵਸਾਗਰ ਪਾਰ ਕਰਾਉਂਦੇ

ਤੇ ਤੁਹਾਡੇ ਵਿਚੋਂ ਕਈ
ਇਹ ਸਭ ਵਿਸਰਦੇ, ਵਿਸਰਾਉਂਦੇ
ਮੇਰੀ ਤਕਦੀਰ ਦੇ ਸਿਕੰਦਰ ਅਖਵਾਉਂਦੇ

ਨਿੰਮਣ ਉਮਰੇ ਹੀ ਮੇਰੀ ਕਰਕੇ ਸ਼ਨਾਖਤ
ਮੈਨੂੰ ਕੁੱਖ-ਨਿਕਾਲਾ ਦਿਵਾਉਂਦੇ
ਕਦੀ ਖਿੜ ਵੀ ਪਵਾਂ ਜੇ ਸਰ੍ਹੋਂ ਬਣ ਕੇ
ਕੱਚੀ ਗੰਦਲ ਦੀ ਦਾਤਣ ਬਣਾਉਂਦੇ
ਕਦੀ ਵਗ ਵੀ ਪਵਾਂ ਜੇ ਨਦੀ ਬਣ ਕੇ ਬਣਕੇ
ਮੇਰੇ ਪਾਣੀਆਂ ਨੂੰ ਦਾਗ ਲਾਉਂਦੇ
ਕਦੀ ਪਹਿਨ ਵੀ ਲਵਾਂ ਸੁਹਾਗ ਚੂੜਾ
ਸੰਸਕਾਰਾਂ ਦਾ ਕਿਲ੍ਹਾ ਬਣਾਉਂਦੇ
ਫੇਰ ਲੋਭ ਦੇ ਨਾਗ ਲੜਾਉਂਦੇ

ਜਾਤ-ਗੋਤਾਂ ਦੀ ਕਦੀ ਕਟਾਰ ਲੈ ਕੇ
ਨੰਗੀ ਕਰਦੇ, ਜਲੂਸ ਕਢਵਾਉਂਦੇ
ਅਣਖ ਲਈ ਵੱਢ ਵੱਢ ਕੇ ਦਿਖਾਉਂਦੇ
ਕਦੀ ਧਰਮ ਕਥਾਵਾਂ ਦੀ ਓਟ ਲੈ ਕੇ
ਮੈਨੂੰ ਜਿਉਂਦੀ ਨੂੰ ਸਤੀ ਕਰਵਾਉਂਦੇ
ਕਦੀ ਉਭਰਾਂ ਜੇ ਵਿਧਵਾ ਦੀ ਜੀਭ ਬਣ ਕੇ
ਲੱਖਾਂ ਬੰਦਸ਼ਾਂ ਲਾਉਂਦੇ, ਮੁਸਕਾਉਂਦੇ
ਆਪਣੀ ਹਉਮੈਂ ਦੀ ਜੈ ਜੈ ਬੁਲਾਉਂਦੇ

ਪਰ ਮੈਂ ਫੇਰ ਵੀ ਜਿਉਂਦੀ ਤੇ ਜਾਗਦੀ
ਦੀਵੇ ਨਿੱਤ ਮੁਹੱਬਤ ਦੇ ਬਾਲਦੀ
ਧੀ, ਭੈਣ, ਪਤਨੀ ਤੇ ਫਿਰ ਮਾਂ ਹੋ ਕੇ
ਵਿਹੜੇ ਵਿਹੜੇ 'ਚ ਤਾਰੇ ਉਤਾਰਦੀ
ਅੱਜ ਚੜ੍ਹ ਕੇ ਪੌੜੀ ਮੈਂ ਚੇਤਨਾ ਦੀ
ਆਪਣੀ ਦਿਸ਼ਾ ਨੂੰ ਆਪ ਹਾਂ ਭਾਲਦੀ
ਅੱਜ ਝੰਡਾ ਬਣਾ ਚੁੰਨੀ ਆਪਣੀ ਨੂੰ
ਲੋਕਾ! ਹੱਕ ਦਾ ਨਾਹਰਾ ਹਾਂ ਮਾਰਦੀ



ਜਿਹੜੀ ਕਰਨੀ ਸੀ ਤੁਸੀਂ ਉਹ ਕਰ ਚੁੱਕੇ
ਜਿਹੜਾ ਸਹਿਣਾ ਸੀ ਮੈਂ, ਉਹ ਮੈਂ ਸਹਿ ਚੁੱਕੀ
ਜਿਹੜੇ ਵਗਣੇ ਸੀ ਹੰਝੂ, ਉਹ ਵਗ ਚੁੱਕੇ
ਜਿਹੜੀ ਵਹਿਣੀ ਸੀ ਰੱਤ ਉਹ ਵਹਿ ਚੁੱਕੀ
ਆਪਣੀ ਕੁੱਖ ਦੀ ਹੁਣ ਪਹਿਰੇਦਾਰ ਹਾਂ ਮੈਂ
ਜ਼ਹਿਰ ਜ਼ਹਿਰ ਲਈ, ਪਿਆਰ ਲਈ ਪਿਆਰ ਹਾਂ ਮੈਂ
ਜ਼ਰਾ ਸੋਚਕੇ ਮੇਰੇ 'ਤੇ ਵਾਰ ਕਰਿਓ!
ਨਿੱਕਲ ਚੁੱਕੀ ਮਿਆਨੋਂ ਤਲਵਾਰ ਹਾਂ ਮੈਂ

ਨਹੀਂਓ ਦੁਸ਼ਮਣੀ ਕਿਸੇ ਦੇ ਸੰਗ ਮੇਰੀ
ਮਰਦ-ਜ਼ਾਤ ਦੇ ਨਾਲ ਨਹੀਂ ਜੰਗ ਮੇਰੀ
ਇਹ ਤਾਂ ਜੰਗ ਹੈ ਕਦਰਾਂ ਤੇ ਕੀਮਤਾਂ ਦੀ
ਜੰਗ ਬਲਦਿਆਂ ਹੰਝੂਆਂ, ਹਉਕਿਆਂ ਦੀ
ਜੰਗ ਮੌਸਮ ਆਜ਼ਾਦ ਵਿੱਚ ਜੀਣ ਖਾਤਰ
ਜੰਗ ਕਾਬਜ਼ਾਂ ਸੰਗ, ਜੰਗ ਸ਼ੋਸ਼ਣਾਂ ਸੰਗ
ਜੰਗ ਰਾਵਣਾਂ ਅਤੇ ਦੁਸ਼ਾਸ਼ਣਾਂ ਸੰਗ

ਮੈਂ ਵਿਰੋਧਣ ਨਹੀਂ ਸਾਥਣ ਹਾਂ ਸਫਰ ਦੇ ਵਿੱਚ
ਤੇ ਬਰਾਬਰ ਦਾ ਸਾਥ ਹੀ ਮੰਗਦੀ ਹਾਂ
ਚਾਹਾਂ ਮੌਲਣਾ, ਵਿਗਸਣਾ ਵਾਂਗ ਤੁਹਾਡੇ
ਖੁੱਲ੍ਹਾ ਧਰਤ ਆਕਾਸ਼ ਹੀ ਮੰਗਦੀ ਹਾਂ

ਆਓ! ਜਿਹੜੇ ਵੀ ਨੇ ਰੌਸ਼ਨ ਸਿਰਾਂ ਵਾਲੇ
ਆਓ! ਜਿਹੜੇ ਨੇ ਵੱਖਰੇ ਭੀੜ ਨਾਲੋਂ
ਆਓ! ਜਿਹੜੇ ਨੇ ਜਗਦੀ ਜ਼ਮੀਰ ਵਾਲੇ
ਸੁੱਚੇ ਨਿਆਂ, ਸ਼ਫਾਫ ਤਸਵੀਰ ਵਾਲੇ
ਮੇਰੇ ਬੋਲਾਂ 'ਚ ਬੋਲ ਮਿਲਾ ਦੇਵੋ
ਮਾਂ ਦੇ ਦੁੱਧ ਦਾ ਕਰਜ਼ ਚੁਕ ਦੇਵੋ।

•

## ਸਾਡੀ ਲੰਬੀ ਉਡਾਰੀ ਵੇ!




*ਲੋਕਗੀਤਾਂ/ਲੋਕਨਾਚਾਂ 'ਤੇ ਅਧਾਰਿਤ ਪੇਸ਼ਕਾਰੀਆਂ*



*ਇਹ ਗੀਤ, ਲੋਰੀ, ਕਿੱਕਲੀ, ਟੱਪੇ, ਜਾਗੋ, ਸੁਹਾਗ, ਘੋੜੀ, ਢੋਲਕੀ ਦਾ ਗੀਤ, ਕਾਵਿ-ਨਾਟ, ਬੰਬੀਹਾ, ਗਿੱਧਾ, ਕਿਸੇ ਪਿੰਡ ਦਾ, ਪੰਜਾਬੀ ਸੱਭਿਆਚਾਰ ਦਾ ਮਾਹੌਲ ਬਣਾਕੇ, ਪੰਜਾਬੀ ਪਹਿਰਾਵੇ, ਗਹਿਣੇ-ਗੱਟੇ ਪਾ ਕੇ ਮੰਚ ਉੱਤੇ ਪੇਸ਼ ਕੀਤੇ ਜਾ ਸਕਦੇ ਹਨ।*

*ਬੋਲੀਆਂ ਤੇ ਟੱਪੇ ਰੈਲੀਆਂ ਸਮੇਂ ਬੈਨਰਾਂ, ਹੱਥਾਂ ਵਿਚ ਫੜਨ ਵਾਲੇ ਛੋਟੇ ਛੋਟੇ ਬੋਰਡਾਂ/ਤਖਤੀਆਂ ਉੱਤੇ ਵੀ ਲਿਖੇ ਜਾ ਸਕਦੇ ਹਨ ਅਤੇ ਚਾਰਟਾਂ/ਕਾਗ਼ਜ਼ਾਂ ਆਦਿ ਉੱਤੇ ਲਿਖ ਕੇ ਕੰਧਾਂ ਉੱਤੇ ਵੀ ਚਿਪਕਾਏ ਜਾ ਸਕਦੇ ਹਨ।*

## ਧੀ ਲਈ ਲੋਰੀ

**ਮਾਂ ਵਰਗੀ ਦਿੱਖ ਵਿੱਚ ਇਕ ਕੁੜੀ ਕੁਰਸੀ ਜਾਂ ਪੀੜ੍ਹੀ ਉੱਤੇ ਬੈਠੀ ਹੈ, ਉਹਦੀ ਗੋਦ ਵਿੱਚ ਕੋਈ ਵੱਡੀ ਸਾਰੀ ਖਿਡੌਣਾ-ਗੁਡੀ ਹੈ, ਜਿਸ ਨੂੰ ਉਹ ਥਪਕ ਥਪਕ ਕੇ ਸੁਆਉਂਦੀ ਹੋਈ ਗਾ ਰਹੀ ਹੈ** :

ਨੈਣਾਂ 'ਚ ਸੁਫ਼ਨੇ ਹਜ਼ਾਰਾਂ ਲੈ ਕੇ,
ਮੇਰੀ ਲਾਡਲੀ ਸੌਂ ਜਾ...
ਨੀਂਦਰ 'ਚ ਲੱਖਾਂ ਬਹਾਰਾਂ ਲੈ ਕੇ,
ਮੇਰੀ ਲਾਡਲੀ ਸੌਂ ਜਾ...

ਸੁਫ਼ਨੇ 'ਚ ਰਿਸ਼ਮਾਂ ਦੀ ਪੀਂਘ ਬਣੇ,
ਚੰਦ ਝੂਲਾ ਝੂਲਾਵੇ
ਜਾਗੇਂ ਤਾਂ ਮੱਥੇ 'ਚ ਸੂਰਜ ਬਲੇ,
ਰਾਹੀਂ ਕਿਰਨਾਂ ਵਿਛਾਵੇ
ਬਾਹਾਂ ਦੇ ਵਿੱਚ, ਹੁਲ੍ਹਾਰਾਂ ਲੈ ਕੇ,
ਮੇਰੀ ਲਾਡਲੀ ਸੌਂ ਜਾ...

ਸੁਫ਼ਨੇ 'ਚ ਪਰੀਆਂ ਦੀ ਰਾਣੀ ਕੋਈ,
ਤੇਰਾ ਮੁਖੜਾ ਧੁਆਵੇ
ਜਾਗੇਂ ਤਾਂ ਜੱਗ ਤੇਰੀ ਛਾਤੀ ਉੱਤੇ
ਸੋਨ-ਤਗਮੇ ਸਜਾਵੇ
ਅੰਬਰਾਂ ਤੀਕ ਉਡਾਰਾਂ ਲੈ ਕੇ,
ਮੇਰੀ ਲਾਡਲੀ ਸੌਂ ਜਾ...



ਸੁਫ਼ਨੇ 'ਚ ਤੂੰ ਸ਼ਹਿਜ਼ਾਦੀ ਬਣੇ,
ਰੁੱਤਾਂ ਕਰਨ ਗੁਲਾਮੀ
ਜਾਗੇਂ ਤਾਂ ਉੱਚੜੇ ਰੁਤਬੇ ਲਵੇਂ,
ਲੋਕੀ ਦੇਣ ਸਲਾਮੀ
ਮਾਂ ਦੀਆਂ 'ਸੀਸਾਂ ਸਤਾਰਾਂ ਲੈ ਕੇ,
ਮੇਰੀ ਲਾਡਲੀ ਸੌਂ ਜਾ...

ਨੈਣਾਂ 'ਚ ਸੁਫ਼ਨੇ ਹਜ਼ਾਰਾਂ ਲੈ ਕੇ,
ਮੇਰੀ ਲਾਡਲੀ ਸੌਂ ਜਾ
ਨੀਂਦਰ 'ਚ ਲੱਖਾਂ ਬਹਾਰਾਂ ਲੈ ਕੇ,
ਮੇਰੀ ਲਾਡਲੀ ਸੌਂ ਜਾ...।

•

## ਕਿੱਕਲੀ ਕਲੀਰ ਦੀ...

**ਮੰਚ ਉੱਤੇ ਫਰਾਕਾਂ ਵਾਲੀਆਂ ਦੋ ਕੁੜੀਆਂ, ਜਾਂ ਫਿਰ ਦੋ-ਤਿੰਨ ਜੋੜੀਆਂ ਕਿੱਕਲੀ ਪਾਉਂਦੀਆਂ ਹੋਈਆਂ ਗਾ ਰਹੀਆਂ ਹਨ** :

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ, ਪੜ੍ਹਨ ਸਕੂਲੇ ਜਾਈਦਾ
ਨਿੱਤ ਨਵੀਂ ਗੱਲ ਸਿੱਖ, ਘਰ ਮੁੜ ਆਈਦਾ
ਕਿੱਕਲੀ ਕਲੀਰ ਦੀ, ਬਈ ਕਿੱਕਲੀ ਕਲੀਰ ਦੀ...,

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੀ ਮਾਂ ਦਾ, ਰੱਬ ਜਿਹੇ ਨਾਂ ਦਾ
ਜੱਗ 'ਤੇ ਲਿਆਉਣ ਵਾਲੀ ਠੰਢੀ ਠੰਢੀ ਛਾਂ ਦਾ
ਕਿੱਕਲੀ ਕਲੀਰ ਦੀ, ਬਈ ਕਿੱਕਲੀ ਕਲੀਰ ਦੀ...,

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੀ ਭੈਣ ਦਾ, ਜੇਰਾ ਸੱਚ ਕਹਿਣ ਦਾ
ਲੈਣ ਲਈ ਹੱਕ ਜ਼ੋਰਾਵਰਾਂ ਨਾਲ ਖਹਿਣ ਦਾ
ਕਿੱਕਲੀ ਕਲੀਰ ਦੀ, ਬਈ ਕਿੱਕਲੀ ਕਲੀਰ ਦੀ...,

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਪੇ ਦਾ, ਖੰਡ ਜਿਹੇ ਮਾਪੇ ਦਾ
ਪਾਲੇ ਪੁੱਤਾਂ ਵਾਂਗ, ਸਾਡੇ ਸਾਰਿਆਂ ਦੇ ਰਾਖੇ ਦਾ
ਕਿੱਕਲੀ ਕਲੀਰ ਦੀ, ਬਈ ਕਿੱਕਲੀ ਕਲੀਰ ਦੀ...,

ਕਿੱਕਲੀ ਕਲੀਰ ਦੀ, ਬਈ ਪੱਗ ਮੇਰੇ ਵੀਰ ਦੀ...।

•



## ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀਂ ਮਾਏ !

***ਪੰਜਾਬ ਦੀ ਕੋਇਲ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੇ ਗਾਏ ਗੀਤ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗੀਤ***

**ਇਕ ਕੁੜੀ ਮਾਂ ਦੇ ਰਵਾਇਤੀ ਵੇਸ ਵਿੱਚ ਚੌਂਕੀ ਉੱਤੇ ਬੈਠੀ ਹੈ, ਮੰਚ ਦੇ ਇਕ ਕੋਨੇ ਵਿੱਚ ਉੱਚਾ ਜਿਹਾ ਸਟੂਲ ਜਾਂ ਕੁਰਸੀ ਆਦਿ ਪਈ ਹੈ, ਜਿੰਨਾ ਉੱਚਾ ਹੋ ਸਕੇ, ਉਨਾ ਵਧੀਆ ਹੈ, ਉਸ ਉਪਰ ਨਿੱਕੀ ਜਿਹੀ ਕੁੜੀ ਬੈਠੀ ਹੈ। ਇਹ ਗੀਤ ਕੁੜੀਆਂ ਪਰਦੇ ਦੇ ਪਿਛੋਂ ਗਾ ਰਹੀਆਂ ਹਨ, ਮੰਚ ਉੱਤੇ ਮਾਂ ਤੇ ਧੀ ਬੁੱਲ੍ਹ ਹਿਲਾ ਕੇ ਜਾਂ ਉਹਨਾਂ ਦੇ ਨਾਲ ਨਾਲ ਗਾ ਕੇ ਆਪਸ ਵਿੱਚ ਢੁਕਵੇਂ ਇਸ਼ਾਰੇ ਕਰਦੀਆਂ ਹੋਈਆਂ ਸਵਾਲ-ਜਵਾਬ ਕਰ ਰਹੀਆਂ ਹਨ** :

ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ ! ਕੋਈ ਕਰਦੀਆਂ ਗੱਲੋੜੀਆਂ
ਬੈਠੀਆਂ ਤਾਂ ਬੈਠੀਆਂ ਜਾ ਉੱਚੜੇ ਚੁਬਾਰੇ ਲੈ ਕੇ ਦਿਲ ਦੀਆਂ ਗੱਲੋੜੀਆਂ
ਨੀਂ ਕਣਕਾਂ ਲੰਮੀਆਂ ਧੀਆਂ ਕਿਉਂ ਨਾ ਜੰਮੀਆਂ ਨੀਂ ਮਾਏ?

**ਧੀ** : ਦੂਰੋਂ ਤੇ ਆਈ ਸਾਂ ਚੱਲਕੇ ਨੀ ਮਾਏ!
ਤੇਰੀ ਕੁੱਖ ਵਿੱਚ ਰਹੀ ਆਂ ਸਮਾ
ਨਿੱਕੀ ਜਿਹੀ ਕਲੀ ਮਾਏ!
ਆਂਦਰਾਂ ਮੈਂ ਤੇਰੀਆਂ ਦੀ
ਇਉਂ ਨਾ ਮੈਨੂੰ ਤੋੜ ਕੇ ਵਗਾਹ
ਨੀਂ ਕਣਕਾਂ ਹਰੀਆਂ ਮਾਵਾਂ ਕਿਉਂ ਡਰੀਆਂ ਨੀ ਮਾਏ?

**ਮਾਂ** : ਔਖੀ ਐ ਬਚਾਉਣੀ ਚੁੰਨੀ ਇਜ਼ਤਾਂ ਦੀ ਧੀਏ!
ਜੱਗ ਕਲੀਆਂ ਨੂੰ ਦਿੰਦਾ ਨੀ ਮਰੋੜ
ਏਧਰੋਂ ਜੇ ਬਚੇ ਅੱਗੋਂ ਡਾਕੂ ਹੁੰਦੇ ਸਹੁਰੇ
ਲੈਂਦੇ ਮਾਪਿਆਂ ਦਾ ਲਹੂ ਨੀ ਨਿਚੋੜ
ਨੀਂ ਕਣਕਾਂ ਪੱਕੀਆਂ ਧੀਆਂ ਤਾਂਹੀਓਂ ਧੱਕੀਆਂ ਨੀਂ ਧੀਏ...

**ਧੀ** : ਵਿਦਿੱਆ ਦੇ ਗਹਿਣੇ ਪਾ, ਦੇ ਹੁਨਰਾਂ ਦਾ ਸਾਲੂ
ਪਾਵਾਂ ਕੀਲ ਕੇ ਪਟਾਰੀ ਵਿੱਚ ਨਾਗ
ਇਕ ਮੈਨੂੰ ਦੇ ਦੇ ਸ਼ਮਸ਼ੀਰ ਮਾਈ ਭਾਗੋ ਵਾਲੀ
ਫੇਰ ਦੇਖੀਂ ਲਾਡਲੀ ਦੇ ਭਾਗ
ਨੀਂ ਕਣਕਾਂ ਨਿੱਸਰੀਆਂ ਧੀਆਂ ਦੇਖੀਂ ਨਿੱਖਰੀਆਂ ਮਾਏ...

**ਮਾਂ ਉੱਠ ਕੇ ਕੁੜੀ ਨੂੰ ਲਾਹ ਲੈਂਦੀ ਹੈ ਤੇ ਉਹਨੂੰ ਬੁੱਕਲ ਵਿੱਚ ਲੈ ਲੈਂਦੀ ਹੈ, ਦੋਵੇਂ ਇਕੱਠੀਆਂ ਗਾਉਂਦੀਆਂ ਹਨ** :

**ਦੋਵੇਂ** : ਮਾਵਾਂ ਤੇ ਧੀਆਂ ਦੀ ਦੋਸਤੀ ਵੇ ਲੋਕੋ!
ਨਾ ਤੋੜਿਓ ਵੇ! ਜ਼ਹਿਰਾਂ ਦੇ ਨਾਲ
ਮਾਵਾਂ ਕਦੋਂ ਚਾਹੁੰਦੀਆਂ ਨੇ ਕੁੱਖਾਂ ਦਾ ਕਤਲ
ਉਹ ਤਾਂ ਚੁੱਪ ਥੋਡੇ ਕਹਿਰਾਂ ਦੇ ਨਾਲ
ਕਣਕਾਂ ਚਿੱਟੀਆਂ ਧੀਆਂ ਸਦਾ! ਮਿੱਠੀਆਂ ਵੇ ਲੋਕੋ!
ਕਣਕਾਂ ਚਿੱਟੀਆਂ ਧੀਆਂ ਸਦਾ ਮਿੱਠੀਆਂ ਵੇ ਹਾਂ!

•



# ਟੱਪੇ

**ਮੰਜੇ ਉੱਤੇ ਜਾਂ ਚਟਾਈ ਉੱਤੇ ਕਈ ਮੁਟਿਆਰਾਂ ਬੈਠੀਆਂ ਹਨ, ਕੋਈ ਪੱਖੀ ਝੱਲ ਰਹੀ ਹੈ, ਕੋਈ ਚੁੰਨੀ ਨੂੰ ਗੋਟਾ ਲਾ ਰਹੀ ਹੈ, ਕੋਈ ਕਰੋਸ਼ੀਆ ਜਾਂ ਨਾਲਾ ਬੁਣ ਰਹੀ ਹੈ, ਕੋਈ ਫੁਲਕਾਰੀ ਕੱਢ ਰਹੀ ਹੈ (ਮੁਟਿਆਰਾਂ ਦੇ ਨਾਂ ਆਪਣੀ ਮਰਜ਼ੀ ਨਾਲ ਰੱਖੇ ਜਾ ਸਕਦੇ ਨੇ)**

**ਇਕ ਮੁਟਿਆਰ** : ਨੀ ਅੜੀਓ! ਆਓ ਕੋਈ ਟੱਪੇ-ਟੁੱਪੇ ਗਾ ਲੀ'ਏ! ਆਹ ਸੀਬੋ ਦੇ ਵਿਆਹ ਪਿਛੋਂ ਪਤਾ ਨਹੀਂ ਕਦੋਂ 'ਕੱਠੀਆਂ ਹੋਣਾ..ਖ਼ਬਨੀ ਹੋਣਾ ਵੀ ਕਿ ਨਹੀਂ..

**ਦੂਜੀ ਮੁਟਿਆਰ** : ਨੀ ਰਾਣੋ 'ਕੱਠੀਆਂ ਕਾਹਦਾ ਹੋਣਾ? ਤੇ ਕਾਹਦੇ ਰਹਿ'ਗੇ ਵਿਆਹਾਂ ਦੇ ਚਾਅ, ਪਿੰਡ 'ਚ ਤਾਂ ਸੋਗ ਪਿਆ, ਆਹ ਤਾਂ ਬੱਧੇ-ਰੁੱਧੇ ਸਗਨ ਕਰੀ ਜਾਨੇ ਆਂ...

**ਰਾਣੋ** : ਕੁੜ੍ਹੇ ਕੀ ਬਿੱਜ ਪੈ'ਗੀ ਐਹੋ 'ਜੀ?

**ਦੂਜੀ ਮੁਟਿਆਰ** : ਤੂੰ ਸੁੱਤੀ ਰਿਹਾ ਕਰ ਘੋੜੇ ਵੇਚ ਕੇ, ਸਵੇਰੇ ਪੁਲਸ ਆਈ ਸੀ ਪਰਲੇ ਅਗਵਾੜ, ਤੂੜੀ ਆਲੇ ਅੰਦਰ ਨੂੰ ਪੱਟ ਕੇ ਦੱਬੀ ਹੋਈ ਕੁੜੀ ਕੱਢੀ ਐ, ਮਾਰ ਗਲੀ ਸੜੀ ਹੋਈ, ਨਗਰ 'ਚ ਤ੍ਰਾਹ-ਤ੍ਰਾਹ ਹੋਈ ਪਈ ਐ ਤੇ ਤੈਨੂੰ ਕੁਸ ਪਤਾ ਈ ਨੀ ਵੱਡੀ ਰਕਾਨ ਨੂੰ!

**ਰਾਣੋ** : ਹਾਇਆ ਨੀ ਆਹ ਕੀ ਲੋਹੜਾ ਪੈ ਗਿਆ?

**ਇਕ ਹੋਰ ਮੁਟਿਆਰ** : ਕਮਲੀਏ! ਆਹੀ ਕੁਸ ਤਾਂ ਸੁਣੀਦੈ ਦੂਏ ਤੀਏ, ਹੁਣ ਤਾਂ ਦੁਨੀਆਂ ਜੰਮਣੋਂ ਪਹਿਲਾਂ ਈ ਧੀਆਂ ਮਰਵਾਉਣ ਲੱਗ 'ਪੀ, ਕੋਈ ਪੇਸ਼ ਨੀ ਜਾਂਦੀ ਜਨਾਨੀਆਂ ਦੀ, ਸਹੁਰਿਆਂ ਨੇ ਅੱਤ ਈ ਚੱਕ 'ਲੀ ਭੈਣੇ!

**ਮੁਟਿਆਰ** (ਰਾਣੋ ਦੇ ਕੰਨ ਕੋਲ ਮੂੰਹ ਕਰਕੇ) : ਹੁਣ ਸੀਬੋ ਨਾਲ ਵੀ ਆਹੀ ਕੁਸ ਹੋਊ..ਤੇ ਕੱਲ੍ਹ ਨੂੰ ਆਪਣੇ ਨਾਲ ਵੀ

**ਰਾਣੋ** (ਪੇਟ ਨੂੰ ਫੜ ਕੇ ਦੂਹਰੀ ਜਿਹੀ ਹੁੰਦੀ) : ਨੀ ਮੇਰੇ ਤਾਂ

ਹੌਲ ਪੈਣ ਲੱਗ 'ਪੇ, ਢਿੱਡ 'ਚ ਜਾਣੀ ਵੱਟ ਉੱਠ ਖੜ੍ਹਿਆ..

**ਮੁਟਿਆਰ** : ਚੱਲ ਚਿੱਤ ਨੂੰ ਹੋਰ ਪਾਸੇ ਲਾਈਏ, ਸਹੁਰਿਆਂ-ਪੇਕਿਆਂ ਦੀ ਮਿੰਨਤ ਕਰ ਕੇ ਦੇਖੀਏ!

**ਟੱਪੇ ਗਾਉਣ ਲੱਗਦੀਆਂ ਨੇ, ਵਿੱਚ ਵਿੱਚ ਕੋਈ ਠੋਡੀ 'ਤੇ ਉਂਗਲ ਰੱਖਦੀ ਹੈ, ਕੋਈ ਚੁੰਨੀ ਦੀ ਬੁੱਕਲ ਸੰਵਾਰ ਕੇ ਮਾਰਦੀ ਹੈ, ਇਹੋ ਜਿਹੇ ਹੋਰ ਐਕਸ਼ਨ ਕਰਦੀਆਂ ਹੋਈਆਂ ਕਦੇ ਕਦੇ ਦਰਸ਼ਕਾਂ ਵੱਲ ਵੀ ਸੈਨਤਾਂ ਕਰਦੀਆਂ ਹਨ** :

ਲੋਹੇ ਦੀ ਇੱਟ ਬਾਬਲਾ!
ਅੱਲਾ ਤੈਨੂੰ ਹੱਕ ਵੇ ਦਿੱਤਾ, ਏਦਾਂ ਮੌਤ ਨਾ ਲਿਖ ਬਾਬਲਾ
… … …
ਕੋਠੇ 'ਤੇ ਕਾਂ ਬੋਲੇ
ਬਾਪੂ ਸਾਨੂੰ ਜਿਉਣ ਦਵੀਂ, ਤੇਰਾ ਜੱਗ ਵਿੱਚ ਨਾਂ ਬੋਲੇ
… … …
ਚਿੱਟਾ ਕੁੱਕੜ ਬਨੇਰੇ 'ਤੇ
ਕਾਸ਼ਨੀ ਦੁਪੱਟੇ ਵਾਲੀਆਂ, ਨਾ ਘੱਲੋ ਮੌਤ ਦੇ ਡੇਰੇ 'ਤੇ
… … …
ਇਹ ਕੀ ਕਹਿਰ ਕਮਾਈ ਜਾਂਦੇ ਓ ?
ਰੱਖੜੀਆਂ ਕੌਣ ਬੰਨ੍ਹੂ? ਤੁਸੀਂ ਭੈਣਾਂ ਈ ਮੁਕਾਈ ਜਾਂਦੇ ਓ
… … …
ਇਹ ਕੀ ਜੁਰਮ ਕਰਾਈ ਜਾਂਦੇ ਓ ?
ਨੂੰਹਾਂ ਕਿਥੋਂ ਲਿਆਉਂਗੇ? ਤੁਸੀਂ ਕੁੜੀਆਂ ਮਰਾਈ ਜਾਂਦੇ ਓ
… … …
ਜਿੰਦ ਨਿੱਕੀ ਜਿਹੀ ਵਗਾਹ ਮਾਰੀ ਓਇ
ਪੱਥਰਾਂ 'ਚੋਂ ਪਾਣੀ ਸਿੰਮਿਆ, ਧੀ ਜਾਂਦੀ ਨੇ ਧਾਹ ਮਾਰੀ ਓਇ
… … …
ਇਹ ਸੁਗਾਤਾਂ ਰੱਬ ਦਿੱਤੀਆਂ
ਮਾਏ! ਤੇਰਾ ਧੰਨ ਜਿਗਰਾ, ਧੀਆਂ ਵਿਹੜੇ ਵਿੱਚ ਦੱਬ ਦਿੱਤੀਆਂ
… … …
ਵੱਟੇ ਬੇੜੀਆਂ 'ਚ ਪਾਈ ਜਾਂਦੇ ਓ ?
ਜਿਹਨੇ ਤੁਹਾਡੇ ਦੁੱਖ ਵੰਡਣੇ, ਉਹਨੂੰ ਮਾਰ ਮੁਕਾਈ ਜਾਂਦੇ ਓ



… … …
ਕੋਠੇ 'ਤੇ ਪਈ ਚਿੱਭੜੀ
ਕਿਵੇਂ ਤੇਰੀ ਹੋਊ ਮੁਕਤੀ ? ਤੇਰੀ ਪਾਪਾਂ ਨਾਲ ਅੱਖ ਲਿੱਬੜੀ
… … …

**ਇਕ ਮੁਟਿਆਰ ਖੜ੍ਹੀ ਹੋ ਕੇ ਬੋਲਦੀ ਹੈ** : ਬਥੇਰੀ ਹੋ 'ਗੀ ਭੈਣੋ! ਲੋਕਾਂ ਨੇ ਮੰਨ ਲੈਣੀ ਐ ਆਪਣੀ ਬੇਨਤੀ, ਪਰ ਉਹ ਮਾਪੇ ਵੀ ਹੈਗੇ ਐ, ਜਿਹੜੇ ਧੀਆਂ ਨੂੰ ਜਿਉਣ ਤਾਂ ਦਿੰਦੇ ਐ, ਪਰ ਜਿਉਣ-ਜੋਗੀ ਜ਼ਿੰਦਗੀ ਨਹੀਂ ਦਿੰਦੇ, ਨਾ ਉਹਨਾਂ ਨੂੰ ਚੱਜ ਨਾਲ ਪੜ੍ਹਾਉਂਦੇ-ਲਿਖਾਉਂਦੇ ਐ, ਨਾ ਕਿਸੇ ਕਿੱਤੇ-ਵਿਹਾਰ ਜੋਗੀਆਂ ਕਰਦੇ ਐ, ਆਜੋ ਆਜੋ ਉਹਨਾਂ ਨੂੰ ਠਕੋਰੀਏ :

**ਰਾਣੋ** : ਪਰ ਤੂੰ ਤਾਂ ਪੜ੍ਹੀ ਲਿਖੀ ਐਂ..

**ਮੁਟਿਆਰ** : ਆਹੋ, ਆਜਾ ਫਿਰ ਮੁਕਾਬਲੇ 'ਚ

**ਰਾਣੋ ਗਾਉਂਦੀ ਹੈ** :

ਟੱਪਿਆਂ ਦੀ ਲੈ ਵਾਰੀ
ਪੜ੍ਹੀਆਂ ਕਿਤਾਬਾਂ ਬੜੀਆਂ, ਮੈਂ ਟੱਪਿਆਂ ਤੋਂ ਨਾ ਹਾਰੀ,

**ਫਿਰ ਸਾਰੀਆਂ ਇਕ ਦੂਜੀ ਤੋਂ ਅੱਗੇ ਹੋ ਹੋ ਟੱਪੇ ਗਾਉਂਦੀਆਂ ਹਨ** :

ਦੋ ਪੱਤਰ ਅਨਾਰਾਂ ਦੇ
ਅਨਪੜ੍ਹ ਧੀਆਂ ਰੋਂਦੀਆਂ, ਰੋਂਦੇ ਪੱਥਰ ਪਹਾੜਾਂ ਦੇ
… … …
ਕੋਠੇ ਤੋਂ ਜਾਹ ਕਾਵਾਂ
ਕਾਲਜੀਂ ਪੜ੍ਹਾ ਦੇ ਬਾਬਲਾ! ਕੁਝ ਬਣ ਕੇ ਦਿਖਾ ਜਾਵਾਂ
… … …
ਧੀਆਂ ਮੰਗਦੀਆਂ ਹੋਰ ਨਹੀਂ
ਗਹਿਣੇ ਪਾਓ ਇਲਮਾਂ ਦੇ, ਟੂੰਮਾਂ-ਛੱਲਿਆਂ ਦੀ ਲੋੜ ਨਹੀਂ
… … …
ਧੀਆਂ ਮੰਗਦੀਆਂ ਹੋਰ ਨਹੀਂ
ਪੈਰਾਂ 'ਤੇ ਕਰੋ ਖੜ੍ਹੀਆਂ, ਸਾਨੂੰ ਦਾਜ ਦੀ ਲੋੜ ਨਹੀਂ
… … …
ਚਿੜੀ ਬੰਨੇ ਉੱਤੇ ਬਹਿ ਜਾਊਗੀ
ਟੋਲੀਂ ਨਾ ਨਸ਼ੇੜੀ ਬਾਬਲਾ! ਧੀ ਨਰਕਾਂ 'ਚ ਪੈ ਜਾਊਗੀ
… … …

ਸਾਡਾ ਤਾਰਾਮੀਰਾ ਗਾਹ ਸੁੱਟਿਆ
ਸਬਰ ਵਿਚੋਲੇ ਨੂੰ, ਨੀ ਸ਼ਰਾਬੀ ਨਾਲ ਵਿਆਹ ਸੁੱਟਿਆ
... ... ...
ਨਿੱਤ ਸ਼ਾਨ ਵਧਾ ਰਹੀਆਂ
ਮਾਪਿਆਂ ਦਾ ਨਾਂ ਲਿਸ਼ਕੇ, ਹੱਥ ਚੰਦ ਨੂੰ ਲਾ ਰਹੀਆਂ
... ... ...
ਧੀਆਂ ਮਿੱਠੜਾ ਮੇਵਾ ਨੇ
ਫਲਦੀਆਂ ਉਮਰਾਂ ਵਿੱਚ, ਏਹੀਓ ਕਰਦੀਆਂ ਸੇਵਾ ਨੇ

•



## ਜਾਗੋ : ਪਿੰਡਾ! ਜਾਗ ਬਈਆ! ਹੁਣ ਜਾਗੋ ਆਈ ਆ..

**ਪੰਜਾਬੀ ਪਹਿਰਾਵਿਆਂ ਵਿੱਚ ਸਜੀਆਂ ਮੁਟਿਆਰਾਂ ਮੰਚ ਉੱਤੇ ਗਾਉਂਦੀਆਂ ਹੋਈਆਂ ਆਉਂਦੀਆਂ ਹਨ। ਅਗਲੀਆਂ ਵਿਚੋਂ ਇਕ ਨੇ ਸਿਰ ਉੱਤੇ ਜਾਗੋ ਚੁੱਕੀ ਹੋਈ ਹੈ, ਇਕ ਬੰਬੀਹਾ ਖੜਕਾਉਂਦੀ ਆ ਰਹੀ ਹੈ, ਬਾਕੀ ਦੀਆਂ ਤਾੜੀਆਂ ਨਾਲ ਤਾਲ ਦੇ ਰਹੀਆਂ ਹਨ :**

ਪਿੰਡਾ! ਜਾਗ ਬਈਆ! ਹੁਣ ਜਾਗੋ ਆਈ ਆ..
ਸ਼ਾਵਾ ਬਈ ਹੁਣ ਜਾਗੋ ਆਈ ਆ...
ਜਾਗਣ ਤੇਰੇ ਭਾਗ ਬਈ! ਹੁਣ ਜਾਗੋ ਆਈ ਆ
ਬੱਲੇ ਬਈ ਹੁਣ ਜਾਗੋ ਆਈ ਆ...

ਧੀਆਂ ਮੋਹ ਦੇ ਦੀਵੇ ਬਾਲੇ
ਅੱਥਰੂ ਤੇਲ ਬਣਾ ਕੇ ਜਾਲੇ
ਸਿਰ 'ਤੇ ਚੁੱਕ ਚਾਨਣ ਦੀ ਗਾਗਰ
ਗਲੀ ਗਲੀ ਰੁਸ਼ਨਾਈ ਆ
ਬਈ ਹੁਣ ਜਾਗੋ ਆਈ ਆ
ਸ਼ਾਵਾ ਬਈ ਹੁਣ ਜਾਗੋ ਆਈ ਆ...

ਧੀਆਂ ਨੇ ਸੁਖ ਤੇਰੀ ਮੰਗਣੀ
ਪੀੜ ਇਹਨਾਂ ਹੀ ਤੇਰੀ ਵੰਡਣੀ
ਕਿਉਂ ਧੀਆਂ ਦੀਆਂ ਧੌਣਾਂ ਉਤੇ
ਆਰੀ ਤੂੰ ਚਲਵਾਈ ਆ ?
ਬਈ ਹੁਣ ਜਾਗੋ ਆਈ ਆ
ਬੱਲੇ ਬਈ ਹੁਣ ਜਾਗੋ ਆਈ ਆ...

ਭੁੱਲਿਆ ਲੋਕਾ! ਧਰਮ ਕਮਾ ਲੈ
ਕੰਨਿਆ ਦੇਵੀ ਹਿੱਕ ਨਾਲ ਲਾ ਲੈ
ਕਿਉਂ ਪਾਪਾਂ ਦਾ ਚੋਗਾ ਚੁਗਦੈਂ?
ਕਿਉਂ ਮਮਤਾ ਕੁਮਲਾਈ ਆ?
ਬਈ ਹੁਣ ਜਾਗੋ ਆਈ ਆ
ਸ਼ਾਵਾ ਬਈ ਹੁਣ ਜਾਗੋ ਆਈ ਆ

ਸ਼ਹਿਰਾ! ਜਾਗ ਬਈਆ ! ਹੁਣ ਜਾਗੋ ਆਈ ਆ..
ਬੱਲੇ ਬਈ ਹੁਣ ਜਾਗੋ ਆਈ ਆ...
ਪਿੰਡਾ! ਜਾਗ ਬਈਆ! ਹੁਣ ਜਾਗੋ ਆਈ ਆ..
ਸ਼ਾਵਾ ਬਈ ਹੁਣ ਜਾਗੋ ਆਈ ਆ...।

•



## ਸੁਹਾਗ : ਸਾਡਾ ਚਿੜੀਆਂ ਦਾ ਚੰਬਾ ਵੇ!

**ਵਿਆਹ ਵਾਲੇ ਘਰ ਵਰਗਾ ਮਾਹੌਲ ਹੈ, ਕੁੜੀਆਂ ਸੋਹਣੇ ਸਜਵੇਂ ਕਪੜੇ ਪਾਈ ਬੈਠੀਆਂ ਗੀਤ ਗਾ ਰਹੀਆਂ ਹਨ, ਇਕ ਪਾਸੇ ਮਾਵਾਂ ਰੂਪੀ ਅੱਧਖੜ ਔਰਤਾਂ ਬੈਠੀਆਂ ਹਨ** :

**ਕੁੜੀਆਂ** : ਸਾਡਾ ਚਿੜੀਆਂ ਦਾ ਚੰਬਾ ਵੇ! ਬਾਬਲ ਅਸਾਂ ਉਡ ਜਾਣਾ
ਸਾਡੀ ਲੰਬੀ ਉਡਾਰੀ ਵੇ! ਬਾਬਲ ਕਿਹੜੇ ਦੇਸ ਜਾਣਾ
ਸਾਨੂੰ ਬਾਜ਼ ਨਾ ਮਾਰ ਸੁੱਟਣ, ਬਾਬਲ ਖੰਭ ਤਕੜੇ ਕਰੀਂ
ਜਰਵਾਣੇ ਨਾ ਸਾੜ ਸੁੱਟਣ, ਬਾਬਲ ਅੰਗ ਤਕੜੇ ਕਰੀਂ

**ਬਾਬਲ ਦੇ ਪਹਿਰਾਵੇ ਵਿੱਚ ਇਕ ਕੁੜੀ ਕੁਝ ਲੱਭਣ ਦੀ ਅਦਾਕਾਰੀ ਕਰਦੀ ਅੰਦਰ ਆਉਂਦੀ ਹੈ ਤੇ ਕੁੜੀਆਂ ਦੇ ਬੋਲ ਸੁਣ ਕੇ ਜਵਾਬ ਦਿੰਦੀ ਹੈ** :

**ਬਾਬਲ** : ਧੀਆਂ ਧਿਰ ਕਮਜ਼ੋਰ ਬੱਚੀ ! ਕਿਵੇਂ ਖੰਭ ਤਕੜੇ ਕਰਾਂ?
ਚੱਲੇ ਡਾਢਿਆਂ ਦਾ ਜ਼ੋਰ ਬੱਚੀ! ਕਿਵੇਂ ਅੰਗ ਤਕੜੇ ਕਰਾਂ?
**ਕੁੜੀਆਂ** : ਸਾਨੂੰ ਵਿਦਿਆ ਪੜ੍ਹਾ ਦੇ ਵੇ! ਇਹੋ ਸਾਡੀ ਡੋਰ ਬਣੂ
ਏਹੀ ਲੱਠ ਬਣੂ ਸਾਡੀ, ਇਹੋ ਸਾਡਾ ਜ਼ੋਰ ਬਣੂ
ਫਿਰ ਬਣ ਪਰਦੇਸਣਾਂ ਵੇ! ਤੇਰੇ ਦਰੋਂ ਉੱਠ ਜਾਣਾ
ਸਾਡਾ ਚਿੜੀਆਂ ਦਾ ਚੰਬਾ ਵੇ! ਬਾਬਲ ਅਸਾਂ ਉਡ ਜਾਣਾ

**ਬਾਬਲ ਰੂਪੀ ਕੁੜੀ ਦੋਹਾਂ ਹੱਥਾਂ ਨਾਲ ਸਹਿਮਤੀ ਵਰਗੀ ਅਸ਼ੀਰਵਾਦ ਦੇਣ ਦਾ ਐਕਸ਼ਨ ਕਰਦੀ ਹੈ, ਤੇ ਫਿਰ ਆਪਣੀ ਕੋਈ ਚੀਜ਼ ਬਟੂਆ, ਮੋਬਾਈਲ ਫੋਨ ਆਦਿ ਚੁੱਕ ਕੇ ਮੰਚ ਤੋਂ ਚਲੀ ਜਾਂਦੀ ਹੈ।**

**ਕੁੜੀਆਂ ਮਾਵਾਂ ਨੂੰ ਮੁਖਾਤਿਬ ਹੋ ਕੇ ਗਾਉਂਦੀਆਂ ਹਨ ਤੇ ਉਹਨਾਂ ਵਿੱਚ ਸਵਾਲ-ਜਵਾਬ ਹੁੰਦੇ ਹਨ** :

**ਕੁੜੀਆਂ** : ਮਾਏ! ਦਾਜ ਨੀ ਜੋੜਦੀਏ! ਨੀ ਇਕ ਫਰਿਆਦ ਸੁਣੀਂ
ਚੰਗਾ ਵਰ-ਘਰ ਟੋਲਦੀਏ ! ਨੀ ਇਕ ਫਰਿਆਦ ਸੁਣੀਂ

**ਮਾਵਾਂ** : ਮੇਰੀ ਢਿਡੋਂ ਜਾਈਏ ਨੀ! ਸਦਾ ਸੁਖੀ ਰਹਿ ਬੱਚੀਏ!
ਮਾਂ ਸਦਕੇ ਵਾਰੀ ਨੀ! ਮੁਖੋਂ ਕੁਝ ਕਹਿ ਬੱਚੀਏ!

**ਕੁੜੀਆਂ** : ਗਹਿਣੇ ਅੱਖਰਾਂ ਦੇ ਪਾ ਦੇ ਨੀ! ਇਹਨਾਂ ਜੇਹੀ ਕੋਈ ਖੱਟ ਨਾ
ਖੁਦ ਰਿਜ਼ਕ ਕਮਾਵਾਂ ਨੀਂ, ਕਿਸੇ ਮੱਥੇ ਪਏ ਵੱਟ ਨਾ
ਤੇਰਾ ਬਾਕੀ ਦਾ ਨਿੱਕ-ਸੁੱਕ ਨੀ! ਮੇਰੇ ਕੰਮ ਨਾ ਆਣਾ
ਅਸੀਂ ਬਣ ਪਰਦੇਸਣਾਂ ਨੀ ! ਤੇਰੇ ਦੁਆਰੋਂ ਤੁਰ ਜਾਣਾ
ਸਾਡਾ ਚਿੜੀਆਂ ਦਾ ਚੰਬਾ ਵੇ! ਬਾਬਲ ਅਸਾਂ ਉਡ ਜਾਣਾ

ਸਾਡੀ ਲੰਬੀ ਉਡਾਰੀ ਵੇ! ਬਾਬਲ ਕਿਹੜੇ ਦੇਸ ਜਾਣਾ
ਸਾਡਾ ਚਿੜੀਆਂ ਦਾ ਚੰਬਾ ਵੇ! ਬਾਬਲ ਅਸਾਂ ਉਡ ਜਾਣਾ।

**ਮਾਵਾਂ ਧੀਆਂ ਦੇ ਮੱਥੇ ਚੁੰਮਦੀਆਂ ਹਨ, ਸਿਰਾਂ ਉੱਤੇ ਹੱਥ ਧਰ ਕੇ ਅਸੀਸ ਦਿੰਦੀਆਂ ਹਨ ਤੇ ਫਿਰ ਉਹਨਾਂ ਨੂੰ ਜੱਫੀ ਵਿੱਚ ਲੈ ਲੈਂਦੀਆਂ ਹਨ, ਇਸੇ ਤਰ੍ਹਾਂ ਜੱਫੀ ਪਾਈ ਗਾਉਂਦੀਆਂ ਹੋਈਆਂ ਮੰਚ ਤੋਂ ਚਲੀਆਂ ਜਾਂਦੀਆਂ ਹਨ।**

•



## ਕੁੜੀਆਂ ਦੀ ਘੋੜੀ

**ਇੱਕ ਸੁਆਣੀ ਪੀੜ੍ਹੀ ਉੱਤੇ ਬੈਠੀ ਘਰ ਦਾ ਕੋਈ ਧੰਦਾ ਕਰ ਰਹੀ ਹੈ, ਛੱਜ ਵਿੱਚ ਦਾਣੇ ਛੱਟਦੀ ਹੋ ਸਕਦੀ ਹੈ, ਜਾਂ ਚਰਖਾ ਕੱਤਦੀ, ਕਪਾਹ ਵੇਲਦੀ ਜਾਂ ਕੋਈ ਵੀ ਇਹੋ ਜਿਹਾ ਕਾਰਜ ਕਰਦੀ ਹੋਈ...ਉਚੀ ਉਚੀ ਹੋਕਾ ਸੁਣਦਾ ਹੈ,**

**"ਕੜਾਹੀਆਂ ਬਾਲਟੀਆਂ ਨੂੰ ਥੱਲੇ ਲਵਾ ਲੋ, ਕੋਈ ਚਿਮਟੇ ਖੁਰਚਣੇ ਲੈ ਲੋ!"**

**ਸੁਆਣੀ ਦਰਵਾਜ਼ੇ ਵੱਲ ਵੇਖਦੀ ਹੈ, ਦੋ ਮੁਟਿਆਰਾਂ ਗਡੀਆਂ ਵਾਲੀਆਂ/ ਵਣਜਾਰਨਾਂ/ਬਾਜ਼ੀਗਰਨੀਆਂ ਦੇ ਭੇਸ ਵਿੱਚ ਆ ਖੜ੍ਹਦੀਆਂ ਹਨ, ਉੱਚੇ ਕਾਲੇ ਘੱਗਰੇ, ਮੋਤੀ-ਲੜੀਆਂ ਨਾਲ ਸਜੀਆਂ ਕਾਲੀਆਂ ਕਮੀਜ਼ਾਂ, ਕੂਹਣੀਆਂ ਤੱਕ ਰੰਗ-ਬਿਰੰਗੀਆਂ ਵੰਗਾਂ, ਲੜੀਦਾਰ ਹਾਰ, ਲੰਮੇ ਲੰਮੇ ਕਾਂਟੇ, ਮੱਥੇ-ਗੱਲ੍ਹਾਂ ਉੱਤੇ ਚੰਦ ਜਾਂ ਮੋਰਨੀਆਂ ਪੇਂਟ ਕੀਤੀਆਂ ਹੋਈਆਂ ਅਤੇ ਫੁੰਮਣਾਂ-ਸਿਤਾਰਿਆਂ ਵਾਲੀਆਂ ਚੁੰਨੀਆਂ ਸਿਰਾਂ ਤੋਂ ਪਿਛੇ ਵੱਲ ਸੁੱਟੀਆਂ ਹੋਈਆਂ ਹਨ** :

**ਵਣਜਾਰਨਾਂ** : ਲੈ ਲਾ ਬੀਬੀ ਕੋਈ ਚਿਮਟਾ ਖੁਰਚਣਾ...ਲਿਆ ਕੱਢ ਕੋਈ ਟੁੱਟੀ-ਭੱਜੀ ਕੜਾਹੀ, ਤੈਨੂੰ ਨਵੀਂ ਕਰ ਕੇ ਦਈਏ!

**ਸੁਆਣੀ** : ਨਾ ਭੈਣੋ! ਹੁਣ ਤਾਂ ਗੈਸ ਦੇ ਚੁੱਲ੍ਹੇ ਆ'ਗੇ, ਹੁਣ ਕਿਹੜਾ ਵਰਤਦਾ ਚਿਮਟੇ ਖੁਰਚਣੇ?

**ਇਕ ਵਣਜਾਰਨ** : ਨਾ ਕੋਈ ਪੀਪਾ ਹੋਊ, ਉਹਨੂੰ ਢੱਕਣ ਲਾ ਦਿੰਨੇ ਆਂ

**ਸੁਆਣੀ** : ਭਾਈ ਕਿਹੜੇ ਜ਼ਮਾਨਿਆਂ ਦੀ ਗੱਲ ਕਰਦੀਐਂ, ਪਲਾਸਟਕ ਦੇ ਡੱਬੇ ਆ'ਗੇ ਚੀਜਾਂ-ਵਸਤਾਂ ਰੱਖਣ ਨੂੰ ਢੱਕਣਾਂ ਆ'ਲੇ, ਇਕ ਤੋਂ ਇਕ ਚੜ੍ਹਦਾ।

**ਦੂਜੀ ਵਣਜਾਰਨ** : ਆਹੋ ਭੈਣਾ! ਨਵੀਂਆਂ ਗੁਡੀਆਂ ਨਵੇਂ ਪਟੋਲੇ, ਸਾਡੀ ਤਾਂ ਗਰੀਬਾਂ ਗੁਰਬਿਆਂ ਦੀ ਰੁਜ਼ਗਾਰ ਗਈ, ਜਮਾਨਾ ਤਾਂ ਬਾਹਲਾ ਈ ਅੱਗੇ ਆ ਗਿਆ, ਪਹਿਲਾਂ ਵਿਆਹਾਂ 'ਤੇ ਘੋੜੀਆਂ ਗਾ ਕੇ ਚਾਰ ਪੈਸੇ ਕਮਾ ਲਈਦੇ ਸੀ, ਉਹ ਵੀ ਔਂਤਰੇ ਘਟ'ਗੇ, ਲੋਕਾਂ ਨੇ ਕੁੜੀਆਂ ਮਾਰ'ਤੀਆਂ,

ਮੁੰਡੇ ਫਿਰਦੇ ਐ ਛੜੇ-ਛਾਂਟ, ਗਲੀਆਂ ਕੱਛਦੇ, ਧੀਆਂ-
ਭੈਣਾਂ ਤਾੜਦੇ

**ਪਹਿਲੀ ਵਣਜਾਰਨ ਪਥੱਲਾ ਮਾਰ ਕੇ ਬੈਠ ਜਾਂਦੀ ਹੈ, ਫਿਰ ਦੂਜੀ ਵੱਲ ਮੂੰਹ ਕਰਕੇ ਕਹਿੰਦੀ ਹੈ** : ਨੀ ਬਹਿ ਜਾ ਅੜੀਏ! ਭੋਰਾ ਦਮ ਲੈ 'ਲੀਏ, ਤੁਰ ਤੁਰ ਕੇ ਲੱਤਾਂ ਰਹਿ'ਗੀਆਂ, ਹੋਕਾ ਦੇ ਦੇ ਰਗਾਂ ਸੁੱਕ'ਗੀਆਂ

**ਦੂਜੀ ਵਣਜਾਰਨ ਉਹਦੇ ਨਾਲ ਹੋਕੇ ਬਹਿ ਜਾਂਦੀ ਹੈ, ਫਿਰ ਸੁਆਣੀ ਨੂੰ ਮੁਖਾਤਿਬ ਹੁੰਦੀ ਹੈ** : ਸਰਦਾਰਨੀਏ! ਘੁੱਟ ਲੱਸੀ ਦਾ ਈ ਪਿਆ ਦੇ, ਤੇਰੇ ਬੱਚੇ ਜੀਣ..

**ਸੁਆਣੀ ਗਿਲਾਸਾਂ ਜਾਂ ਛੰਨਿਆਂ ਵਿੱਚ ਲੱਸੀ ਪਾਕੇ ਦਿੰਦੀ ਹੈ, ਉਹ ਇਕੋ-ਸਾਹੇ ਲੱਸੀ ਪੀ ਜਾਂਦੀਆਂ ਹਨ ਤੇ ਭਾਂਡੇ ਹੇਠਾਂ ਰੱਖ ਦਿੰਦੀਆਂ ਹਨ।**

**ਇਕ ਵਣਜਾਰਨ**
(**ਮੂੰਹ 'ਤੇ ਚੁੰਨੀ ਫੇਰਦੀ ਹੋਈ**): ਆਹ ਤਾਂ ਮਹਿਲਾਂ ਆ'ਲੀਏ ਕਾਲਜੇ ਠੰਢ ਪਾ'ਤੀ, ਤੇਰੇ ਹੱਡ-ਗੋਡੇ ਕੈਮ ਰਹਿਣ।

**ਦੂਜੀ ਵਣਜਾਰਨ** : ਤੇਰੀ ਵੇਲ ਵਧੇ ਸੋਹਣੇ ਮੁਖੜੇ ਆਲੀਏ! ਨਾ ਹੁਣ ਖਾਲੀ ਜਾਈਏ ਤੇਰੇ ਦੁਆਰਿਉਂ? ਛੋਹਰ ਕਦੋਂ ਵਿਆਹੁਣੈਂ? ਕਰਮਾਂ ਆਲੀਏ ਕਿਤੇ ਘੋੜੀ ਗਾਉਣ ਈ ਆ ਜੀਏ।

**ਸੁਆਣੀ** : ਛੋਹਰ ਹੈਨੀ ਕੋਈ ਮੇਰੇ! ਧੀ ਐ ਪੁੱਤਾਂ ਤੋਂ ਵੀ ਵੱਧ, ਤੁਸੀਂ ਉਹਦੀ 'ਘੋੜੀ' ਗਾ ਦਿਓ! ਖਾਲੀ ਨੀ ਜਾਣ ਦਿੰਦੀ ਦੁਆਰਿਉਂ, ਲਾਗ ਦਊਂ ਪੂਰਾ।

**ਵਣਜਾਰਨਾਂ**
(**ਖੁਸ਼ ਹੁੰਦੀਆਂ ਹੋਈਆਂ**) : ਨੀ ਜਿਉਂਦੀ ਰਹੁ ਸਰਦਾਰਨੀਏ! ਆਹ ਕੀਤੀ ਐ ਬੰਦਿਆਂ ਆ'ਲੀ ਗੱਲ, ਸਾਂਈ ਭਾਗ ਲਾਵੇ ਤੇਰੀ ਧੀ ਨੂੰ, ਨੀ ਉਹ ਸੋਨੇ 'ਚ ਖੇਡੇ!

**ਫਿਰ ਦੋਵੇਂ ਰਲ ਕੇ ਘੋੜੀ ਗਾਉਂਦੀਆਂ ਹਨ, ਨਾਲ ਨਾਲ ਢੁਕਵੇਂ ਐਕਸ਼ਨ ਵੀ ਕਰਦੀਆਂ ਹਨ** :

ਆਓ ਸਹੀਓ ਨੀਂ! ਗਾਈਏ ਕੁੜੀਆਂ ਦੀ ਘੋੜੀ
ਜਿਹਨਾਂ ਬਿਨਾਂ ਹੋਣੀ ਘੋੜੀ ਬੇਲੋੜੀ



ਹੋਊਗਾ ਵਿਆਹ ਟਾਵਾਂ ਟਾਵਾਂ.........
ਹਾਇ ਲੋਕਾ ਵੇ ਮੈਂ ਤਾਂ ਕੁੜੀਆਂ ਦੀ ਘੋੜੀ ਗਾਵਾਂ
ਹਾਇ ਡਾਢਿਆ ਵੇ ਤੈਨੂੰ ਧੀਆਂ ਦੀ ਅਰਜ਼ ਸੁਣਾਵਾਂ...

ਇੱਕ ਨਾ ਤੋੜੀਂ ਸਾਡੇ ਸਾਹਾਂ ਦੀ ਡੋਰੀ
ਇੱਕ ਨਾ ਦੇਵੀਂ ਸਾਨੂੰ ਮੌਤ ਦੀ ਲੋਰੀ
ਤੇਰੇ ਨੀਂ ਵਾਸਤੇ ਪਾਵਾਂ...
ਹਾਇ ਅੰਮੀਏ ਨੀਂ! ਤੇਰਾ ਜੱਸ ਗਿੱਧਿਆਂ ਵਿੱਚ ਗਾਵਾਂ
ਹਾਇ ਬਾਬਲਾ ਵੇ! ਤੇਰੀ ਪੱਗ ਨੂੰ ਦਾਗ ਨਾ ਲਾਵਾਂ...

ਇੱਕ ਨਾ ਝਾਕੀਂ ਮੇਰੇ ਵੱਲ ਤੂੰ ਕੌੜੀ
ਇੱਕ ਨਾ ਖੋਹੀਂ ਮੈਥੋਂ ਵਿਦਿਆ ਦੀ ਪੌੜੀ
ਚੜ੍ਹ ਅਸਮਾਨੀਂ ਜਾਵਾਂ...
ਹਾਇ ਅੰਮੀਏ ਨੀਂ! ਤੇਰਾ ਜੱਸ ਅੰਬਰਾਂ ਵਿੱਚ ਗਾਵਾਂ
ਹਾਇ ਬਾਬਲਾ ਵੇ! ਜੱਗ ਪੁੱਛੂ ਤੇਰਾ ਸਿਰਨਾਵਾਂ...

ਧੀ ਨਹੀਂਓਂ ਹੁੰਦੀ ਕਦੇ ਫਰਜ਼ਾਂ ਤੋਂ ਕੋਰੀ
ਵਿੱਚ ਬੁਢਾਪੇ ਥੋਡੀ ਬਣੂੰਗੀ ਡੰਗੋਰੀ
ਬਣੂੰਗੀ ਵੀਰ ਦੀਆਂ ਬਾਹਵਾਂ...
ਹਾਇ ਅੰਮੀਏ ਨੀਂ! ਤੇਰੇ ਦੁੱਧ ਨੂੰ ਲਾਜ ਨਾ ਲਾਵਾਂ
ਹਾਇ ਬਾਬਲਾ ਵੇ! ਤੇਰਾ ਜੱਸ ਦੁਨੀਆਂ ਵਿੱਚ ਗਾਵਾਂ...

ਹਾਇ ਲੋਕਾ ਵੇ ਮੈਂ ਤਾਂ ਕੁੜੀਆਂ ਦੀ ਘੋੜੀ ਗਾਵਾਂ...
ਹਾਇ ਡਾਢਿਆ ਵੇ ਤੈਨੂੰ ਧੀਆਂ ਦੀ ਅਰਜ਼ ਸੁਣਾਵਾਂ...ਹੁਰ..ਰਰ...ਰਰ

**ਸੁਆਣੀ ਉਹਨਾਂ ਨੂੰ ਕੋਈ ਸੂਟ, ਰੁਪਏ ਆਦਿ ਲਿਆ ਕੇ ਦਿੰਦੀ ਹੈ। ਉਹ ਅਸੀਸਾਂ ਦਿੰਦੀਆਂ ਹੋਈਆਂ,**

**"ਕੜਾਹੀਆਂ ਬਾਲਟੀਆਂ ਨੂੰ ਥੱਲੇ ਲਵਾ ਲੋ, ਕੋਈ ਚਿਮਟੇ ਖੁਰਚਣੇ ਲੈ ਲੋ!"**
**ਦਾ ਹੋਕਾ ਦਿੰਦੀਆਂ ਚਲੀਆਂ ਜਾਂਦੀਆਂ ਹਨ।**

•

## ਢੋਲਕੀ ਦਾ ਗੀਤ-ਕੁੜੀਆਂ ਦੀ ਸਰਦਾਰੀ...

**ਤਖਤਪੋਸ਼ ਜਾਂ ਜ਼ਮੀਨ ਉੱਤੇ ਸਜੀਆਂ ਸੰਵਰੀਆਂ ਮੁਟਿਆਰਾਂ ਬੈਠੀਆਂ ਹਨ, ਕੋਲ ਢੋਲਕੀ-ਛੈਣੇ ਆਦਿ ਪਏ ਹਨ। ਉਹ ਆਪਸ ਵਿੱਚ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀਆਂ ਜਾਪਦੀਆਂ ਹਨ, ਵਿੱਚ ਵਿੱਚ ਇਕ ਦੂਜੀ ਨੂੰ ਛੇੜਦੀਆਂ ਹੋਈਆਂ ਖਿੜਖਿੜਾਉਂਦੀਆਂ ਹਨ** :

**ਇਕ ਮੁਟਿਆਰ** (**ਅਖਬਾਰ ਦਿਖਾਉਂਦੀ ਹੋਈ**)
: ਨੀ ਸਹੇਲੀਓ! ਐਵੇਂ ਕਹਿੰਦੇ ਰਹਿੰਦੇ ਐ ਬਈ ਕੁੜੀਆਂ ਘੱਟ ਹੁੰਦੀਆਂ ਮੁੰਡਿਆਂ ਤੋਂ, ਨਗੂਣੀਆਂ ਹੁੰਦੀਆਂ, ਲੈ ਆਹ ਦੇਖ'ਲੋ, 'ਖਬਾਰਾਂ 'ਚ ਨਤੀਜੇ ਆਏ ਪਏ ਐ, ਕੁੜੀਆਂ ਦੇ ਨੰਬਰ ਮੁੰਡਿਆਂ ਤੋਂ ਵੱਧ, ਪਹਿਲੇ ਦੂਜੇ ਤੀਜੇ ਦਰਜਿਆਂ 'ਤੇ ਸਾਰੀਆਂ ਕੁੜੀਆਂ..

**ਦੂਜੀ ਮੁਟਿਆਰ** : ਤੇ ਹੋਰ ਕੀ? ਆਹ ਦੇਖ ਲੋ ਆਪਣੀ ਸੁਖਮਨ ਨੇ ਕਿਵੇਂ ਧੁੰਮਾਂ ਪਾਈਐ ਸਾਰੇ 'ਲਾਕੇ 'ਚ...

**ਇਕ ਬਜ਼ੁਰਗ ਔਰਤ ਲੱਡੂ-ਜਲੇਬੀਆਂ ਦਾ ਥਾਲ ਜਾਂ ਕੋਈ ਹੋਰ ਮਿਠਿਆਈ ਲੈ ਕੇ ਆਉਂਦੀ ਹੈ।**

**ਸਾਰੀਆਂ ਇਕੱਠੀਆਂ ਹੀ ਬੋਲਦੀਆਂ ਹਨ**
: ਵਧਾਈਆਂ ਤਾਈ ਜੀ! ਆਪਣੀ ਸੁਖਮਨ ਆਈ.ਏ.ਐਸ. ਹੋ'ਗੀ

**ਬਜ਼ੁਰਗ ਔਰਤ** : ਜੁਗ ਜੁਗ ਜੀਓ ਧੀਓ! ਤੁਸੀਂ ਵੀ ਸੁਖਮਨ ਵਾਂਗੂ ਬਣ ਜਾਉਂਗੀਆਂ ਕੁਸ ਨਾ ਕੁਸ..

**ਇਕ ਮੁਟਿਆਰ** : ਚਾਚੀ ਜੀ! ਤੁਸੀਂ ਪੜ੍ਹਾਇਆ ਵੀ ਉਹਨੂੰ ਦੱਬ ਕੇ, ਕੋਈ ਕਸਰ ਨੀ ਛੱਡੀ..ਨਾ ਹੁਣ ਆਊਗੀ ਕਦੋਂ ਸ਼ਹਿਰੋਂ? ਅਸੀਂ ਤਾਂ ਜੱਫੀ ਪਾਉਣ ਨੂੰ ਤਰਸੀਆਂ ਪਈਐਂ..



**ਬਜ਼ੁਰਗ ਔਰਤ** (**ਸਾਰੀਆਂ ਨੂੰ ਲੱਡੂ ਦਿੰਦੀ ਹੋਈ**)
: ਅਜੇ ਕਈ ਦਿਨ ਲੱਗ ਜਾਣੇ ਐ ਮੱਲ! ਉਥੇ ਜੈ-ਖਾਣੀਆਂ ਪਾਲਟੀਆਂ ਪੂਲਟੀਆਂ ਹੋਈ ਜਾਂਦੀਐਂ ਬਥੇਰੀਆਂ..ਮੈਂ ਕਿਹਾ ਕੁੜੀਆਂ ਦਾ ਸੱਜਰਾ-ਸੱਜਰਾ ਮੂੰਹ ਮਿੱਠਾ ਕਰਾਵਾਂ..

**ਇਕ ਹੋਰ ਮੁਟਿਆਰ** (**ਲੱਡੂ ਚੁੱਕਦੀ ਹੋਈ**)
: ਲੈ ਤਾਈ ਜੀ! ਅਸੀਂ ਤਾਂ ਮੂੰਹ ਮਿੱਠਾ ਵੀ ਕਰਾਂਗੇ ਤੇ ਨੱਚ-ਗਾ ਕੇ ਖੁਸ਼ੀ ਵੀ ਮਨਾਵਾਂਗੇ, ਸੁਖਮਨ ਆਈ ਤੋਂ ਫੇਰ ਸਹੀ..

**ਇਕ ਹੋਰ ਮੁਟਿਆਰ** (**ਢੋਲਕੀ ਚੁੱਕ ਕੇ ਦਿਖਾਉਂਦੀ ਹੋਈ**)
: ਅਸੀਂ ਤਾਂ ਬੇਬੇ ਢੋਲਕੀਆਂ-ਛੈਣੇ ਲੈ ਕੇ ਆਈਐਂ, ਹੁਕਮ ਕਰੇਂ ਤਾਂ ਹੋਈਏ ਸ਼ੁਰੂ..

**ਬਜ਼ੁਰਗ ਔਰਤ** : ਪਾਂਧਾ ਨਾ ਪੁੱਛੋ,ਐਡਾ ਭਾਗਾਂ ਵਾਲਾ ਦਿਨ ਐ..ਥੋਡੀ ਸਹੇਲੀ ਦੀ ਸਰਦਾਰੀ ਹੋ'ਗੀ..

**ਇਕ ਕੁੜੀ ਢੋਲਕੀ ਵਜਾਉਣ ਲੱਗਦੀ ਹੈ, ਦੂਜੀ ਚਮਚਾ ਖੜਕਾਉਂਦੀ ਹੈ, ਬਾਕੀ ਤਾੜੀਆਂ ਨਾਲ ਤਾਲ ਦਿੰਦੀਆਂ ਹਨ, ਇੱਕ ਅੱਗੇ ਅੱਗੇ ਬੋਲਦੀ ਹੈ, ਬਾਕੀ ਮਗਰ ਮਗਰ ਬੋਲਦੀਆਂ ਹਨ** :

**ਮੁੱਖ ਗਾਉਣ ਵਾਲੀ** : ਅੱਜ ਕੱਲ੍ਹ ਕੁੜੀਆਂ ਦੀ ਸਰਦਾਰੀ!
ਨੀ ਸਾਡੀ ਸੁਖਮਨ ਦੀ ਸਰਦਾਰੀ!

**ਬਾਕੀ ਸਾਰੀਆਂ** : ਸ਼ਾਵਾ! ਕੁੜੀਆਂ ਦੀ ਸਰਦਾਰੀ!
ਬੱਲੇ ਬੱਲੇ! ਸੁਖਮਨ ਦੀ ਸਰਦਾਰੀ!

**ਮੁੱਖ ਗਾਉਣ ਵਾਲੀ** : ਕੋਈ ਕੁੜੀ ਜਹਾਜ਼ ਚਲਾਵੇ,
(**ਬੰਦੂਕ ਚਲਾਉਣ ਵਾਂਗ ਐਕਸ਼ਨ ਕਰਦੀ ਹੋਈ**) :
ਕੋਈ ਬੰਦੂਕ ਚਲਾਉਂਦੀ
ਕੋਈ ਖੇਡ ਮੈਦਾਨਾਂ ਵਿੱਚੋਂ
ਤਗਮੇ ਲੈ ਕੇ ਆਉਂਦੀ

ਸਾਡੀ ਸਖੀ ਤਾਂ ਮਿਹਨਤ ਕਰਕੇ
ਸਾਹਿਬ ਬਣੀ ਸਰਕਾਰੀ
(ਬਜ਼ੁਰਗ ਔਰਤ ਵੱਲ ਇਸ਼ਾਰਾ ਕਰਕੇ ਮੁਸਕਾਉਂਦੀ ਹੋਈ) :
ਮਾਪੇ ਲੱਡੂ ਵੰਡਦੇ ਫਿਰਦੇ
ਚੱਕ ਟੋਕਰੀ ਭਾਰੀ
ਅੱਜ ਕੱਲ੍ਹ ਕੁੜੀਆਂ ਦੀ ਸਰਦਾਰੀ!
ਨੀਂ ਅੱਜ ਕੱਲ੍ਹ ਕੁੜੀਆਂ ਦੀ ਸਰਦਾਰੀ!

**ਬਾਕੀ ਸਾਰੀਆਂ :** ਸ਼ਾਵਾ! ਕੁੜੀਆਂ ਦੀ ਸਰਦਾਰੀ!
ਬੱਲੇ ਬੱਲੇ! ਕੁੜੀਆਂ ਦੀ ਸਰਦਾਰੀ!

**ਮੁੱਖ ਗਾਉਣ ਵਾਲੀ** : ਕੋਈ ਮੰਤਰੀ, ਕੋਈ ਡੀ.ਸੀ,
ਕਿਸੇ ਹੇਠ ਕੋਤਵਾਲੀ
(**ਸਿਰ 'ਤੇ ਚੁੰਨੀ ਪੱਗ ਵਾਂਗ ਲਪੇਟ ਕੇ**) :
ਆਪ ਹੋਈ ਮੈਂ ਠਾਣੇਦਾਰ
ਨਹੀਂ ਠਾਣੇਦਾਰ ਦੀ ਸਾਲੀ
(**ਮੁੱਛਾਂ ਨੂੰ ਵੱਟ ਦਿੰਦੀ ਹੋਈ**) :
ਜਿਹੜਾ ਮੇਰੇ ਅੱਗੇ ਅੜਦਾ
ਉਹਦੀ ਕਿਸਮਤ ਮਾੜੀ
ਅੱਜ ਕੱਲ੍ਹ ਕੁੜੀਆਂ ਦੀ ਸਰਦਾਰੀ!
ਨੀਂ ਅੱਜਕੱਲ੍ਹ ਕੁੜੀਆਂ ਦੀ ਸਰਦਾਰੀ!

**ਬਾਕੀ ਸਾਰੀਆਂ** :
ਓਇ ਹੋਇ! ਕੁੜੀਆਂ ਦੀ ਸਰਦਾਰੀ!
ਬੱਲੇ ਬੱਲੇ! ਕੁੜੀਆਂ ਦੀ ਸਰਦਾਰੀ!

**ਮੁੱਖ ਗਾਉਣ ਵਾਲੀ (ਦਰਸ਼ਕਾਂ ਵਿੱਚ ਬੈਠੀ ਕਿਸੇ 25-30 ਸਾਲ ਦੀ ਔਰਤ ਵੱਲ ਇਸ਼ਾਰਾ ਕਰਕੇ**) :
ਜਦ ਤੇਰੇ ਘਰ ਜਨਮ ਲਵਾਂ,
ਤੂੰ ਨਾ ਘਬਰਾਈਂ ਮਾਏ!
ਦੁਨੀਆਂ ਦੀ ਹਰ ਟੀਸੀ ਉੱਤੇ
ਕੁੜੀਆਂ ਚਰਖੇ ਡਾਹੇ
ਨੀਂ ਚਰਖਾ ਇਉਂ ਚੱਲਦਾ

**ਬਾਕੀ ਸਾਰੀਆਂ** : ਨੀਂ ਚਰਖਾ ਕਿਵੇਂ ਚੱਲਦਾ?

**ਮੁੱਖ ਗਾਉਣ ਵਾਲੀ** : ਨੀਂ ਚਰਖਾ ਇਉਂ ਘੁੰਮਦਾ



**ਬਾਕੀ ਸਾਰੀਆਂ** : ਨੀਂ ਚਰਖਾ ਕਿਵੇਂ ਘੁੰਮਦਾ?

**ਮੁੱਖ ਗਾਉਣ ਵਾਲੀ** : (ਚਰਖੇ ਦੇ ਗੇੜੇ ਵਾਂਗ ਐਕਸ਼ਨ ਕਰਦੀ ਹੋਈ):
ਜਿਉਂ ਘੁੰਮਦੀ ਦੁਨੀਆਂ ਸਾਰੀ
(ਖੜ੍ਹੀ ਹੋ ਕੇ ਘੁੰਮਣ ਲੱਗ ਜਾਂਦੀ ਹੈ)

**ਬਾਕੀ ਸਾਰੀਆਂ :** ਬੱਲੇ ਬੱਲੇ! ਕੁੜੀਆਂ ਦੀ ਸਰਦਾਰੀ!

**ਸਾਰੀਆਂ ਖੜ੍ਹੀਆਂ ਹੋ ਕੇ ਜ਼ੋਰ ਜ਼ੋਰ ਦੀ ਤਾੜੀਆਂ ਮਾਰਦੀਆਂ ਗਾਉਂਦੀਆਂ ਹਨ, ਨਾਲ ਬਜ਼ੁਰਗ ਔਰਤ ਵੀ ਸ਼ਾਮਿਲ ਹੋ ਜਾਂਦੀ ਹੈ** :
ਅੱਜ ਕੱਲ੍ਹ ਕੁੜੀਆਂ ਦੀ ਸਰਦਾਰੀ!
ਨੀਂ ਅੱਜਕੱਲ੍ਹ ਕੁੜੀਆਂ ਦੀ ਸਰਦਾਰੀ!
ਸ਼ਾਵਾ! ਕੁੜੀਆਂ ਦੀ ਸਰਦਾਰੀ!
ਬੱਲੇ ਬੱਲੇ ਕੁੜੀਆਂ ਦੀ ਸਰਦਾਰੀ!

**ਦਰਸ਼ਕ ਵੀ ਸ਼ਾਮਿਲ ਹੋ ਜਾਂਦੇ ਹਨ, ਸਾਰੇ ਹੀ ਤਾੜੀਆਂ ਮਾਰਦੇ ਹੋਏ ਗਾਉਂਦੇ ਹਨ** :
ਅੱਜ ਕੱਲ੍ਹ ਕੁੜੀਆਂ ਦੀ ਸਰਦਾਰੀ!
ਬਈ ਅੱਜ ਕੱਲ੍ਹ ਕੁੜੀਆਂ ਦੀ ਸਰਦਾਰੀ!

•

## ਕਾਵਿ-ਨਾਟ : ਇੱਕ ਬੂਟਾ ਅੰਮੀ ਦਾ

*(ਪ੍ਰੋ : ਮੋਹਨ ਸਿੰਘ ਦੀ ਪ੍ਰਸਿਧ ਕਵਿਤਾ 'ਇਕ ਬੂਟਾ ਅੰਬੀ ਦਾ' ਤੋਂ ਪ੍ਰਭਾਵਿਤ)*

**ਪਾਤਰ : ਕੁਝ ਵੱਡੀਆਂ ਕੁੜੀਆਂ, ਇਕ ਨਿੱਕੀ ਬੱਚੀ, ਦਾਦੀ, ਭੂਆ, ਚਾਚਾ, ਪਿਤਾ, ਅੰਮੀ**

**ਕੁਝ ਵੱਡੀਆਂ ਕੁੜੀਆਂ ਘੇਰਾ ਘੱਤ ਕੇ ਖੜ੍ਹੀਆਂ ਹੋਈਆਂ ਹਨ, ਉਹਨਾਂ ਨਾਲ ਕੁੜਤੀ-ਸ਼ਰਾਰੇ, ਲਹਿੰਗੇ ਜਾਂ ਫਰਾਕ ਵਾਲੀ ਇਕ ਨਿੱਕੀ ਜਿਹੀ ਬੱਚੀ ਹੈ, ਘੇਰੇ ਦੇ ਵਿਚਕਾਰ ਦਾਦੀ ਖੜ੍ਹੀ ਹੈ, ਕੁੜੀਆਂ ਉਸ ਬੱਚੀ ਨੂੰ ਹੱਥ ਲਾਉਂਦੀਆਂ ਹੋਈਆਂ ਦਾਦੀ ਵੱਲ ਇਸ਼ਾਰੇ ਕਰ ਕਰ ਕੇ ਗਾਉਂਦੀਆਂ ਹਨ।**
**ਹੌਲ਼ੀ ਹੌਲ਼ੀ ਪਾਤਰ ਬਦਲਦੇ ਜਾਂਦੇ ਹਨ...ਦਾਦੀ, ਭੂਆ, ਚਾਚਾ, ਪਿਤਾ, ਅੰਮੀ, ਸਾਰੇ ਵਾਰੀ ਵਾਰੀ ਆਉਂਦੇ ਹਨ :**

**ਕੁੜੀਆਂ :** ਇੱਕ ਬੂਟਾ ਅੰਮੀ ਦਾ, ਤੇਰੇ ਵਿਹੜੇ ਲੱਗਾ ਨੀਂ
ਇਹਨੇ ਮਹਿਕ ਖਿੰਡਾਉਣੀ ਨੀਂ, ਇਹਨੇ ਕੁੱਲ ਰੁਸ਼ਨਾਉਣੀ ਨੀਂ
ਜਦ ਇਹਨੇ ਹੱਸਣਾ ਨੀਂ, ਹਰ ਦਿਲ ਵਿੱਚ ਵੱਸਣਾ ਨੀਂ
ਤਿੱਲੇ ਦੀਆਂ ਤਾਰਾਂ ਨੀਂ, ਨਿੱਤ ਆਉਣ ਬਹਾਰਾਂ ਨੀਂ
ਤੂੰ ਇਹਦੀ ਦਾਦੀ ਨੀਂ ! ਇਹ ਤੇਰੀ ਪੋਤੀ ਨੀਂ
ਇਹ ਰਿਸ਼ਮ ਆਈ ਅੰਬਰੋਂ, ਚਾਨਣੀਆਂ ਧੋਤੀ ਨੀਂ
ਇਹਨੇ ਲੋਰੀ ਲੈਣੀ ਐ, ਹਾਂ ਜ਼ੋਰੀ ਲੈਣੀ ਐ

ਤੂੰ ਬਾਤਾਂ ਪਾਵੇਂਗੀ, ਇਹ ਭਰੂ ਹੁੰਗਾਰਾ ਨੀਂ
ਤੇਰੀ ਢਲਦੀ ਉਮਰਾ ਦਾ, ਇਹ ਬਣੂ ਸਹਾਰਾ ਨੀਂ
ਇਹਨੂੰ ਲਾਹਨਤ ਪਾਵੀਂ ਨਾ, ਇਹਨੂੰ ਪੱਥਰ ਆਖੀਂ ਨਾ
ਇਹਨੂੰ ਮਾੜਾ ਬੋਲੀਂ ਨਾ, ਇਹਨੂੰ ਮੰਦਾ ਝਾਕੀਂ ਨਾ
ਇਹ ਗੁੜ ਦੀ ਭੇਲੀ ਐ, ਇਹ ਧੀ ਅਲਬੇਲੀ ਐ
ਇਹ ਬੂਟਾ ਅੰਮੀ ਦਾ, ਤੇਰੇ ਵਿਹੜੇ ਲੱਗਾ ਨੀਂ
ਇਹਨੇ ਰਸ ਰਸ ਜਾਣਾ ਨੀਂ, ਇਹਨੇ ਵਸ ਵਸ ਜਾਣਾ ਨੀਂ



**ਦਾਦੀ ਮੁਸਕਰਾਉਂਦੀ ਹੋਈ ਤੇ ਦੋਵੇਂ ਹੱਥਾਂ ਨਾਲ ਅਸੀਸਾਂ ਦੇਣ ਵਰਗੀ ਅਦਾਕਾਰੀ ਕਰਦੀ ਹੋਈ ਚਲੀ ਜਾਂਦੀ ਹੈ, ਉਸਦੀ ਥਾਂ ਭੂਆ ਆ ਕੇ ਖੜ੍ਹੀ ਹੋ ਜਾਂਦੀ ਹੈ, ਕੁੜੀਆਂ ਉਸ ਵੱਲ ਸੈਨਤਾਂ ਕਰ ਕਰ ਕੇ ਗਾਉਂਦੀਆਂ ਹਨ** :

ਤੂੰ ਇਹਦੀ ਭੂਆ ਨੀਂ ! ਤੇਰੇ ਦਿਲ ਦਾ ਬੂਹਾ ਨੀਂ!
ਇਹਨੇ ਖੋਲ੍ਹ ਕੇ ਰਹਿਣਾ ਨੀਂ, ਤੇ ਅੰਦਰ ਬਹਿਣਾ ਨੀਂ
ਇਹ ਤੇਰੀ ਗੁੱਡੀ ਨੀਂ, ਇਹ ਤੇਰਾ ਪਟੋਲਾ ਨੀਂ
ਤੂੰ ਇਹਨੂੰ ਸਜਾਉਣਾ ਨੀਂ, ਇਹ ਤੇਰਾ ਖਿਡਾਉਣਾ ਨੀਂ
ਇਹਨੇ ਠੁਮਕ ਕੇ ਨੱਚਣਾ ਨੀਂ, ਤੂੰ ਤਾੜੀ ਲਾਉਣੀ ਨੀਂ
ਇਹਨੇ ਗੇੜਾ ਦੇਣਾ ਨੀਂ, ਤੂੰ ਬੋਲੀ ਪਾਉਣੀ ਨੀਂ

ਦਿਨ ਤੀਆਂ ਵਰਗੇ ਇਹ ਪਲ ਵਿੱਚ ਗੁਜ਼ਰਨੇ ਨੀਂ
ਕਈ ਸੂਰਜ ਚੜ੍ਹਨੇ ਨੀਂ, ਕਈ ਚੰਦ ਉੱਤਰਨੇ ਨੀਂ
ਇੱਕ ਦਿਨ ਤੂੰ ਚੰਨਣ ਦੇ ਜਾ ਓਹਲੇ ਖੜ੍ਹਨਾ ਨੀਂ
ਜੰਨ ਤੇਰੀ ਆ ਜਾਣੀ, ਤੂੰ ਡੋਲੀ ਚੜ੍ਹਨਾ ਨੀਂ
ਤੇਰੇ ਰੋਂਦੇ ਬਾਬਲ ਦੇ, ਤੇਰੀ ਰੋਂਦੀ ਅੰਮੜੀ ਦੇ
ਇਹਨੇ ਅੱਥਰੂ ਚੁੰਮ ਚੁੰਮ ਕੇ ਉਨ੍ਹਾਂ ਨੂੰ ਵਰਾਉਣਾ ਨੀਂ
ਤੇ ਭੋਲ਼ੀਆਂ ਗੱਲਾਂ ਕਰ ਸਭਨਾਂ ਨੂੰ ਹਸਾਉਣਾ ਨੀਂ
ਇਉਂ ਸੁੰਨੇ ਸੁੰਨੇ ਜਹੇ ਘਰ ਨੂੰ ਧੜਕਾ ਦੇਣਾ
ਖਾਮੋਸ਼ ਵਰਾਂਡੇ ਵਿੱਚ ਸੰਗੀਤ ਵਿਛਾ ਦੇਣਾ
ਇਹ ਬੂਟਾ ਅੰਮੀ ਦਾ, ਤੇਰੇ ਵਿਹੜੇ ਲੱਗਾ ਨੀਂ
ਇਹਨੇ ਲਿਸ਼ ਲਿਸ਼ ਕਰਨਾ ਨੀਂ, ਵਿਹੜੇ ਨੂੰ ਭਰਨਾ ਨੀਂ

**ਭੂਆ ਸ਼ਰਮਾਉਂਦੀ ਤੇ ਚੁੰਨੀ ਵਿੱਚ ਮੂੰਹ ਲੁਕਾ ਕੇ ਹੱਸਦੀ ਹੋਈ ਚਲੀ ਜਾਂਦੀ ਹੈ, ਘੇਰੇ ਵਿੱਚ ਚਾਚਾ ਆ ਕੇ ਖੜ੍ਹਾ ਹੋ ਜਾਂਦਾ ਹੈ, ਨਿੱਕੀ ਬੱਚੀ ਉਹਦੀਆਂ ਬਾਹਾਂ ਨਾਲ ਝੂਲਦੀ ਹੋਈ ਗਾਉਂਦੀ ਹੈ** :

ਤੁਸੀਂ ਚੰਗੇ ਚਾਚਾ ਜੀ! ਤੁਸੀਂ ਪਿਆਰੇ ਚਾਚਾ ਜੀ!
ਤੁਸੀਂ ਮਿੱਠੇ ਚਾਚਾ ਜੀ! ਤੁਸੀਂ ਨਿਆਰੇ ਚਾਚਾ ਜੀ!
ਵੀਰੇ ਜਿਉਂ ਮੈਨੂੰ ਵੀ ਤੁਸੀਂ ਲਾਡ ਲਡਾ ਦੇਵੋ
ਮੋਢੇ 'ਤੇ ਬਿਠਾ ਪਿੰਡ ਦਾ ਗੇੜਾ ਕਢਵਾ ਦੇਵੋ
ਕਰੂੰ ਖੂਬ ਪੜ੍ਹਾਈਆਂ ਮੈਂ, ਜਦ ਵੱਡੀ ਹੋਵਾਂਗੀ
ਤੇ ਮਾਰ ਛਲਾਂਗਾਂ ਫਿਰ ਕੋਈ ਚੋਟੀ ਛੋਹਵਾਂਗੀ

ਤੁਹਾਨੂੰ ਵੀ ਜਹਾਜ਼ ਦੇ ਵਿੱਚ ਮੈਂ ਨਾਲ ਬਿਠਾਵਾਂਗੀ
ਤੇ ਦੇਸ਼ ਵਿਦੇਸ਼ਾਂ ਦੇ ਚੱਕਰ ਲਗਵਾਵਾਂਗੀ

**ਕੁੜੀਆਂ** : ਇਹ ਬੂਟਾ ਅੰਮੀ ਦਾ, ਤੁਹਾਡੇ ਵਿਹੜੇ ਲੱਗਾ ਜੀ
ਇਹਨੂੰ ਕਲਗੀ ਲੱਗਣੀ ਜੀ, ਤੁਹਾਡੇ ਮੱਥੇ ਸਜਣੀ ਜੀ!

**ਚਾਚਾ ਬੱਚੀ ਦਾ ਮੱਥਾ ਚੁੰਮ ਕੇ ਹੱਥ ਹਿਲਾਉਂਦਾ ਹੋਇਆ ਚਲਿਆ ਜਾਂਦਾ ਹੈ ਤੇ ਪਿਤਾ ਆ ਜਾਂਦਾ ਹੈ। ਬੱਚੀ ਉਸ ਨੂੰ ਗਲਵਕੜੀ ਪਾ ਕੇ ਗਾਉਂਦੀ ਹੈ** :

ਤੁਸੀਂ ਮੇਰੇ ਬਾਪੂ ਜੀ ! ਤੁਸੀਂ ਮੇਰੇ ਪਾਪਾ ਜੀ!
ਤੁਸੀਂ ਮੇਰੇ ਡੈਡੀ ਜੀ ! ਤੁਸੀਂ ਮੇਰੇ ਭਾਪਾ ਜੀ!
ਮੈਂ ਵਾਰਿਸ ਤੁਹਾਡੀ ਜੀ, ਮੈਂ ਤੁਹਾਡਾ ਹਿੱਸਾ ਜੀ
ਤੁਹਾਡੀ ਜੀਵਨ-ਗਾਥਾ ਦਾ ਗੁਆਚਿਆ ਕਿੱਸਾ ਜੀ
ਤੁਸੀਂ ਬਾਹਰੋਂ ਆਉਂਗੇ, ਮੈਂ ਬੂਹਾ ਖੋਲ੍ਹਾਂਗੀ
ਤੁਹਾਡੇ ਗਲ ਵਿੱਚ ਬਾਹਾਂ ਪਾ, ਡੋਲੂ ਬਣ ਡੋਲਾਂਗੀ
ਤੁਸੀਂ ਥੱਕੇ ਹੋਵੋਂਗੇ, ਮੈਂ ਮੱਥਾ ਘੁੱਟਾਂਗੀ
ਤੇ 'ਪਾਰੀਆਂ' ਕਰ ਕਰ ਕੇ, ਫਿਕਰਾਂ ਨੂੰ ਚੁਕਾਂਗੀ

ਮੇਰੇ 'ਤੇ ਯਕੀਨ ਕਰੋ! ਦਿਲ ਨਾ ਭਰਮਾਉਣਾ ਜੀ
ਲੋਕਾਂ ਦੀਆਂ ਗੱਲਾਂ ਸੁਣ, ਚਿੱਤ ਨਾ ਡੁਲਵਾਉਣਾ ਜੀ
ਮੈਨੂੰ ਅੱਧ-ਵਿਚਾਲੇ ਤੋਂ ਪੜ੍ਹਨੋ ਨਾ ਹਟਾਉਣਾ ਜੀ
ਮੈਂ ਤੁਹਾਡੀ ਪਗੜੀ ਦਾ ਮਾਵਾ ਬਣ ਜਾਵਾਂਗੀ
ਮੈਂ ਤੁਹਾਡੀ ਕੁਰਸੀ ਦਾ ਪਾਵਾ ਬਣ ਜਾਵਾਂਗੀ
ਤੇ ਸ਼ਾਨ ਤੁਹਾਡੀ ਨੂੰ ਚੰਦ-ਚਾਰ ਲਗਾਵਾਂਗੀ

**ਕੁੜੀਆਂ** : ਇਹ ਬੂਟਾ ਅੰਮੀ ਦਾ, ਤੁਹਾਡੇ ਵਿਹੜੇ ਲੱਗਾ ਜੀ
ਇਹਨੇ ਫੁੱਲ ਵਰਸਾਉਣੇ ਜੀ, ਤੁਹਾਡੀ ਝੋਲੀ ਪਾਉਣੇ ਜੀ!

**ਪਿਤਾ ਉਸਦਾ ਮੱਥਾ ਕਈ ਵਾਰ ਚੁੰਮ ਕੇ, ਸਿਰ ਉੱਤੇ ਹੱਥ ਫੇਰ ਕੇ ਚਲਿਆ ਜਾਂਦਾ ਹੈ ਤੇ ਅੰਮੀ ਆ ਜਾਂਦੀ ਹੈ। ਉਹ ਆਉਂਦਿਆਂ ਹੀ ਬੱਚੀ ਨੂੰ ਕੁੱਛੜ ਚੁੱਕ ਲੈਂਦੀ ਹੈ। ਬੱਚੀ ਉਹਨੂੰ ਨਿੱਕੀ ਜਿਹੀ 'ਮਿੱਠੀ' ਦਿੰਦੀ ਹੈ ਤੇ ਫਿਰ ਗਾਉਂਦੀ ਹੈ** :

ਤੁਸ਼ੀਂ ਸ਼ੋਹਣੇ ਅੰਮੀ ਜੀ! ਮਨ-ਮੋਹਣੇ ਮੰਮੀ ਜੀ!
ਜੱਗ ਵਿੱਚ ਤੁਹਾਡੇ ਜਿਹੇ ਨਹੀਂ ਹੋਣੇ ਮੰਮੀ ਜੀ!
ਅੱਖ ਗਿੱਲੀ ਕਰਿਓ ਨਾ! ਰੂਹ ਸਿੱਲ੍ਹੀ ਕਰਿਓ ਨਾ!
ਕੁੜੀਆਂ ਨੂੰ ਜੰਮ ਕੇ ਤਾਂ ਕੁੱਖ ਸੁੱਚੀ ਹੁੰਦੀ ਐ



ਧੀਆਂ ਨੂੰ ਜੰਮ ਕੇ ਤਾਂ ਮਾਂ ਉੱਚੀ ਹੁੰਦੀ ਐ
ਮੈਂ ਆਬ ਤੁਹਾਡੀ ਹਾਂ, ਮੈਂ ਹੁਸਨ-ਪਟਾਰੀ ਹਾਂ
ਮੈਂ ਭੁੱਲੀਆਂ ਬਾਤਾਂ ਦੀ, ਕੋਈ ਰਾਜਕੁਮਾਰੀ ਹਾਂ
ਮੈਨੂੰ ਬੰਦੀ ਕਰਿਓ ਨਾ! ਭੋਰੇ 'ਚ ਲੁਕਾਇਓ ਨਾ!
ਮੈਂ ਅੰਬਰੀਂ ਉੱਡਣਾ ਹੈ, ਮੇਰੇ ਬੇੜੀ ਲਾਇਓ ਨਾ!

**ਦਾਦੀ, ਭੂਆ, ਚਾਚਾ, ਪਿਤਾ ਸਾਰੇ ਆ ਕੇ ਮਾਂ ਦੇ ਬਰਾਬਰ ਖੜ੍ਹੇ ਹੋ ਜਾਂਦੇ ਹਨ। ਕੁੜੀਆਂ ਇਹਨਾਂ ਸਭਨਾਂ ਵੱਲ ਮੂੰਹ ਕਰਕੇ ਗਾਉਂਦੀਆਂ ਹੋਈਆਂ, ਵਿੱਚ ਵਿੱਚ ਦਰਸ਼ਕਾਂ ਨੂੰ ਮੁਖਾਤਿਬ ਹੋ ਜਾਂਦੀਆਂ ਹਨ** :

ਜੋ ਚੰਬਾ ਚਿੜੀਆਂ ਦਾ, ਤੁਹਾਡੇ ਬੂਹੇ ਆਇਆ ਹੈ
ਸੀਨੇ 'ਚ ਮੁਹੱਬਤਾਂ ਦੇ ਕਈ ਰੰਗ ਲਿਆਇਆ ਹੈ
ਇਹਨੂੰ ਚੋਗਾ ਪਾ ਦੇਵੋ, ਇਹਦੀ ਭੁੱਖ ਮਿਟਾ ਦੇਵੋ
ਇਹਦੇ ਅੱਲ੍ਹੜ ਪੰਖਾਂ ਵਿੱਚ, ਪਰਵਾਜ਼ ਟਿਕਾ ਦੇਵੋ
ਇਹਨੇ ਉਡ-ਪੁਡ ਜਾਣਾ ਹੈ, ਇਹਦਾ ਦੂਰ ਟਿਕਾਣਾ ਹੈ
ਸੁਖ ਤੁਹਾਡੀ ਮੰਗਣੀ ਹੈ, ਇਹਨੇ ਜਿੱਥੇ ਜਾਣਾ ਹੈ
ਚਾਅ ਤੁਹਾਡੇ ਕਰਨੇ ਨੇ, ਤੁਹਾਡਾ ਦਰਦ ਹੰਢਾਣਾ ਹੈ
ਤੇ ਔਖੇ ਵੇਲੇ ਨੂੰ ਭੱਜ ਕੇ ਆ ਜਾਣਾ ਹੈ

ਇਹਨੂੰ ਰੱਬ ਨੇ ਘੱਲਿਆ ਹੈ, ਇਹਤੋਂ ਸਦਕੇ ਜਾਓ ਜੀ!
ਇਹਨੂੰ ਖਿੜਨ ਦਿਓ ਰੱਜ ਕੇ, ਖ਼ੁਦ ਖਿੜ-ਖਿੜ ਜਾਓ ਜੀ!
ਇਹਦੀ ਛਾਂ ਵਿੱਚ ਖੇਡੋ ਜੀ, ਇਹਦੀ ਧੁੱਪ 'ਚ ਨਾਹੋ ਜੀ!
ਇਹ ਰੂਪ ਅੱਲਾ ਦਾ ਹੈ, ਇਹਦਾ ਰੂਪ ਸਲਾਹੋ ਜੀ!
ਇਹ ਬੂਟਾ ਅੰਮੀ ਦਾ, ਤੁਹਾਡੇ ਵਿਹੜੇ ਲੱਗਾ ਜੀ!
ਇਹ ਚੰਬਾ ਚਿੜੀਆਂ ਦਾ, ਤੁਹਾਡੇ ਬੂਹੇ ਆਇਆ ਜੀ।

***ਨੋਟ : ਇੰਜ ਵੀ ਹੋ ਸਕਦੈ ਕਿ ਇਕੋ ਬੱਚੀ ਦੇ ਗਾਉਣ ਦੀ ਥਾਂ, ਚਾਚੇ ਸਾਹਮਣੇ ਗਾਉਣ ਤੋਂ ਬਾਅਦ ਚਾਚਾ ਉਹਨੂੰ ਲੈ ਜਾਵੇ, ਕੋਈ ਹੋਰ ਨਿੱਕੀ ਬੱਚੀ ਆ ਕੇ ਪਾਪਾ ਅੱਗੇ ਗਾਵੇ ਤੇ ਫਿਰ ਪਾਪਾ ਉਹਨੂੰ ਚੁੱਕ ਕੇ ਲੈ ਜਾਵੇ, ਇਕ ਹੋਰ ਨਿੱਕੀ ਬੱਚੀ ਆ ਕੇ ਮਾਂ ਨੂੰ ਮੁਖਾਤਿਬ ਹੋਵੇ ਤੇ ਫਿਰ ਆਖਿਰ ਵਿੱਚ ਦਾਦੀ, ਭੂਆ, ਚਾਚੇ ਤੇ ਪਿਤਾ ਦੇ ਨਾਲ ਉਹ ਪਹਿਲੀਆਂ ਬੱਚੀਆਂ ਵੀ ਮੰਚ ਉੱਤੇ ਆ ਜਾਣ।***

•

## ਕਾਵਿ-ਨਾਟ : ਕੱਚ ਦੀਆਂ ਵੰਗਾਂ ਨਾ ਤੋੜ

**(ਲੋਕਗੀਤਾਂ 'ਤੇ ਅਧਾਰਿਤ ਗੀਤ, ਟੱਪੇ, ਬੰਬੀਹਾ, ਗਿੱਧੇ ਦੀਆਂ ਬੋਲੀਆਂ, ਇਸ ਦਾ ਕੋਈ ਵੀ ਹਿੱਸਾ ਸਮੇਂ ਅਤੇ ਸਹੂਲਤ ਅਨੁਸਾਰ ਇਕੱਲਾ ਵੀ ਵਰਤਿਆ ਜਾ ਸਕਦਾ ਹੈ)**

**ਕੁਝ ਪੇਂਡੂ ਸੁਆਣੀਆਂ ਪੀੜ੍ਹੀਆਂ ਉੱਤੇ ਬੈਠੀਆਂ ਕੱਤ ਰਹੀਆਂ ਨੇ, ਕੋਈ ਅਟੇਰ ਰਹੀ ਹੈ, ਕੋਈ ਨਾਲੇ ਬੁਣ ਰਹੀ ਹੈ, ਕੋਈ ਚੱਕੀ ਝੋਅ ਰਹੀ ਹੈ, ਕੋਈ ਦੁੱਧ ਰਿੜਕ ਰਹੀ ਹੈ, ਨਾਲੋ-ਨਾਲ ਉਹ ਸਾਰੀਆਂ ਲੰਮੀਆਂ ਲੰਮੀਆਂ ਹੇਕਾਂ ਵਾਲੇ ਗੀਤ ਗਾ ਰਹੀਆਂ ਨੇ** :

**ਪਹਿਲੀ ਜੋੜੀ** :
ਕੱਚ ਦੀਆਂ ਵੰਗਾਂ ਨਾ ਤੋੜ, ਭੁੱਲਿਆ ਵੇ ਵਣਜਾਰਿਆ!
ਇਹਨਾਂ ਵੰਗਾਂ ਦੀ ਬੜੀ ਛਣਕਾਰ, ਟੁੱਟ ਕੇ ਬਿਖਰ ਜਾਣੀਆਂ...ਵੇ...ਹੇ...

ਸਾਨੂੰ ਕੁੱਖਾਂ ਨਾਲੋਂ ਨਾ ਤਰੋੜ, ਭੁੱਲਿਆ ਵੇ ਵਣਜਾਰਿਆ!
ਸਾਨੂੰ ਕੱਟ ਲੈਣ ਦੇ ਦਿਨ ਚਾਰ...ਟੁੱਟ ਕੇ ਤਾਂ ਮਰ ਜਾਣੀਆਂ...ਵੇ...ਹੇ...

**ਦੂਜੀ ਜੋੜੀ ਵਾਰੀ ਲੈਂਦੀ ਹੈ** :
ਕੱਚ ਦੀਆਂ ਵੰਗਾਂ ਨਾ ਤੋੜ, ਭੁੱਲਿਆ ਵੇ ਵਣਜਾਰਿਆ!
ਇਹਨਾਂ ਵੰਗਾਂ ਦੀ ਬੜੀ ਛਣਕਾਰ, ਟੁੱਟ ਕੇ ਬਿਖਰ ਜਾਣੀਆਂ...ਵੇ...ਹੇ...

ਸਾਨੂੰ ਮਾਵਾਂ ਨਾਲੋਂ ਨਾ ਤਰੋੜ, ਭੁੱਲਿਆ ਵੇ ਵਣਜਾਰਿਆ!
ਸਾਨੂੰ ਕੱਟ ਲੈਣ ਦੇ ਦਿਨ ਚਾਰ...ਟੁੱਟ ਅਸੀਂ ਮਰ ਜਾਣੀਆਂ...ਵੇ...ਹੇ...

**ਇਕ ਹੋਰ ਜੋੜੀ** :
ਕੱਚ ਦੀਆਂ ਵੰਗਾਂ ਨਾ ਤੋੜ, ਭੁੱਲਿਆ ਵੇ ਵਣਜਾਰਿਆ!
ਇਹਨਾਂ ਵੰਗਾਂ ਦੀ ਬੜੀ ਛਣਕਾਰ, ਟੁੱਟ ਕੇ ਬਿਖਰ ਜਾਣੀਆਂ...ਵੇ...ਹੇ...



ਸਾਨੂੰ ਵੀਰਾਂ ਨਾਲੋਂ ਨਾ ਵਿਛੋੜ, ਭੁੱਲਿਆ ਵੇ ਵਣਜਾਰਿਆ
ਸਾਨੂੰ ਕੱਟ ਲੈਣ ਦੇ ਦਿਨ ਚਾਰ, ਟੁੱਟ ਅਸੀਂ ਮਰ ਜਾਣੀਆਂ...ਵੇ...ਹੇ...

**ਅਤੇ ਇਸੇ ਤਰ੍ਹਾਂ ਭਾਬੀਆਂ, ਚਾਚੀਆਂ-ਚਾਚਿਆਂ, ਮਾਸੀਆਂ-ਮਾਸੜਾਂ, ਮਾਮੀਆਂ-ਮਾਮਿਆਂ ਆਦਿ ਦਾ ਨਾਂ ਲੈ ਕੇ ਗਾਉਂਦੀਆਂ ਰਹਿੰਦੀਆਂ ਹਨ।**

***

**ਸਿਰਾਂ 'ਤੇ ਘੜੇ ਚੁੱਕੀ ਲਹਿੰਗਿਆਂ, ਸਲਵਾਰਾਂ ਸੂਟਾਂ ਵਾਲੀਆਂ ਕੁਝ ਕੁੜੀਆਂ ਆਉਂਦੀਆਂ ਹਨ। ਘੜੇ ਇਕ ਪਾਸੇ ਰੱਖ ਕੇ ਸੁਆਣੀਆਂ ਕੋਲ ਆ ਬਹਿੰਦੀਆਂ ਹਨ** :

**ਇਕ ਕੁੜੀ** : ਚਾਚੀ! ਸਾਨੂੰ ਵੀ ਗਾ ਲੈਣ ਦਿਓ! ਅਸੀਂ ਵੀ ਕੁਸ਼ ਸਿੱਖ'ਲੀਏ ਮਾੜਾ-ਮੋਟਾ!

**ਇਕ ਸੁਆਣੀ** : ਆਜੋ ਭਾਈ ਆਜੋ! ਤੁਸੀਂ ਵੀ ਕਰ'ਲੋ ਕੋਈ ਠੀਹਾ-ਠੱਪਾ..ਉਦਾਂ ਜਿਹੋ ਜਿਹੀਆਂ ਹਵਾਈਆਂ ਉਡਦੀਆਂ ਸੁਣਦੇ ਆਂ, ਹਾਲ ਤਾਂ ਪੁੱਤ! ਮਾੜਾ ਈ ਆ!

**ਕੁੜੀ** : ਚਲ ਚਾਚੀ! ਅਸੀਂ ਵੀ ਦੇਖ 'ਲੀਏ ਫਰਿਆਦ ਕਰਕੇ, ਖਬਰ੍ਹਾ ਮਨ ਮਿਹਰ ਪੈ ਈ ਜਾਵੇ ਲੋਕਾਂ ਦੇ, ਖੌਰੇ ਹਟ ਈ ਜਾਣ ਏਦਾਂ ਧੀਆਂ ਨੂੰ ਮਾਰਨੋਂ!

**ਕੁੜੀਆਂ ਗੀਤ ਛੋਹ ਲੈਂਦੀਆਂ ਹਨ ਅਤੇ ਇਕ ਦੂਜੀ ਤੋਂ ਵਾਰੀ ਲੈਂਦੀਆਂ ਰਹਿੰਦੀਆਂ ਹਨ** :

ਇਕ ਮੈਨੂੰ ਦੱਸ ਬਾਬਲਾ ਵੇ..ਹਾਂ ਜੀ ਬਾਬਲਾ ਵੇ!
ਦੱਸ ਵੇ ਬਾਬਲਾ! ਸਾਊ
ਜੇ ਪੁੱਤਾਂ ਨੇ ਨਾ ਸਾਰ ਲਈ ਵੇ! ਕਿਹੜੀ ਦੁੱਖ ਫੋਲਣ ਨੂੰ ਆਊ?
ਇਕ ਮੈਨੂੰ ਦੱਸ ਬਾਬਲਾ ਵੇ! ...
... ... ...
ਇਕ ਮੈਨੂੰ ਦੱਸ ਤਾਇਆ ਵੇ..ਹਾਂ ਜੀ ਤਾਇਆ ਵੇ!
ਦੱਸ ਵੇ ਤਾਇਆ ਜੀ! ਸਾਊ
ਜੇ ਪੁੱਤਾਂ ਨੇ ਨਾ ਸਾਰ ਲਈ ਵੇ! ਕਿਹੜੀ ਦੁੱਖ ਫੋਲਣ ਨੂੰ ਆਊ?

ਇਕ ਮੈਨੂੰ ਦੱਸ ਤਾਇਆ ਵੇ!...
... ... ...
ਇਕ ਮੈਨੂੰ ਦੱਸ ਮਾਮਿਆ ਵੇ..ਹਾਂ ਜੀ ਮਾਮਿਆ ਵੇ!
ਦੱਸ ਵੇ ਮਾਮਿਆ! ਸਾਊ
ਜੇ ਪੁੱਤਾਂ ਨੇ ਨਾ ਸਾਰ ਲਈ ਵੇ! ਕਿਹੜੀ ਦੁੱਖ ਫੋਲਣ ਨੂੰ ਆਊ ?
ਇਕ ਮੈਨੂੰ ਦੱਸ ਮਾਮਿਆ ਵੇ...

***

**ਇਕ ਉਦਾਸ ਜਿਹੀ ਮੁਟਿਆਰ ਅੱਖਾਂ ਮਲ਼ਦੀ ਆਉਂਦੀ ਹੈ ਤੇ ਕਹਿੰਦੀ ਹੈ:**

ਨੀ ਭੈਣੋ! ਰਾਤੀਂ ਤਾਂ ਬਾਹਲਾ ਈ ਮਾੜਾ ਸੁਫ਼ਨਾ ਆਇਆ, (ਛਾਤੀ ਨੂੰ ਹੱਥ ਲਾਉਂਦੀ ਹੋਈ) ਨੀ ਮੇਰਾ ਤਾਂ ਕਾਲਜਾ ਅਈਦਾਂ ਧੱਕ ਧੱਕ ਵੱਜੇ, ਮੈਨੂੰ ਤਾਂ ਅੜੀਓ ਜਾਣੀ ਕਿਸੇ ਨੇ ਉੱਖਲੀ 'ਚ ਪਾ ਕੇ ਮੋਹਲਿਆਂ ਨਾਲ ਕੁੱਟਿਆ, ਨੀ ਫੇਰ ਜਾਣੀ ਕੁੜੀਆਂ ਨ੍ਹੇਰੀ 'ਚ ਉਡੀਆਂ ਫਿਰਨ, ਫਿਰ ਉਹ ਚੀਥੜੇ ਬਣਗੀਆਂ, ਲੀਰਾਂ ਬਣਗੀਆਂ, ਕੁੜੇ ਮੇਰੀ ਤਾਂ ਭੋਰਾ ਅੱਖ ਨੀ ਲੱਗੀ।

**ਪਹਿਲੀ ਕੁੜੀ** : ਆ ਜਾ ਨੀ ਜੀਤੋ! ਤੂੰ ਵੀ ਮਨ ਹੌਲਾ ਕਰ'ਲਾ, ਭੋਰਾ ਧਰਵਾਸਾ ਆ ਜੂ! ਨਾਲੇ ਕਿਸੇ ਨਾ ਕਿਸੇ ਦੀ ਆਤਮਾ ਤਾਂ ਫਿਟਕਾਰ ਪਾਊ! ਕੋਈ ਤਾਂ ਕੁੜੀਆਂ ਨੂੰ ਚੀਥੜੇ ਬਣਨ ਤੋਂ ਰੋਕੂ!

**ਸਾਰੀਆਂ ਰਲ਼ ਕੇ ਗਾਉਂਦੀਆਂ ਹਨ** :
ਕਿੱਦਾਂ ਛੁਟੇਂਗਾ ਬਲੌਂਜਿਆ ਬੰਦਿਆ?
ਤੂੰ ਕੁੱਖ ਵਿੱਚ ਮਾਰੀ ਕੰਨਿਆ.. ਵੇ...ਹੇ...
... ... ...
ਤੁਸੀਂ ਰੱਬ ਦੀ ਹਜ਼ੂਰੀ ਜਾਣਾ
ਨੂੰਹਾਂ ਦੀ ਨਾ ਕੱਢੋ ਅਰਥੀ.. ਵੇ...ਹੇ...
... ... ...
ਅੱਧੀ ਰਾਤ ਪਹਿਰ ਦੇ ਤੜਕੇ
ਕੰਨਿਆ ਨੇ ਡਾਡਾਂ ਮਾਰੀਆਂ..ਵੇ...ਹੇ...
... ... ...



ਭਾਵੇਂ ਵਰਤ ਰੱਖੋ, ਕਰੋ ਪੂਜਾ
ਕੰਜਕਾਂ ਦੀ ਹਾਅ ਲੱਗਣੀ.. ਵੇ...ਹੇ...
... ... ...
ਕਿਹੜੀ ਆਖੂਗੀ ਦੇਹਲੀ 'ਤੇ ਮੱਥਾ ਧਰਕੇ
ਇੱਕ ਵੀਰ ਦੇਈਂ ਵੇ ਰੱਬਾ ? ... ਵੇ...ਹੇ...
... ... ...
ਨਹੀਂਓ ਵਿਕਣੀ ਬਜ਼ਾਰ ਵਿੱਚ ਰੱਖੜੀ
ਭੈਣਾਂ ਵਾਲਾ ਕਾਲ ਪੈ ਗਿਆ... ਵੇ...ਹੇ...
... ... ...
ਲੋਕੀ ਅੰਨ੍ਹੇ ਵੇ ਦਹੇਜ ਲਈ ਹੋਏ
ਮਾਪੇ ਧੀਆਂ ਤਾਂ ਮਾਰਦੇ.. ਵੇ...ਹੇ...
... ... ...
ਕਦੇ ਮਾਪੇ ਮਾਰਨ ਕਦੇ ਸਹੁਰੇ
ਰੱਬ ਦਾ ਨਿਆਂ ਭੁੱਲ'ਗੇ.. ਵੇ...ਹੇ...
... ... ...
ਕਿੱਦਾਂ ਤਰੇਂਗੀ ਨਿਕਰਮਣ ਰੂਹੇ?
ਭਾਰ ਚੁੱਕ ਪਾਪਾਂ ਦਾ .. ਵੇ...ਹੇ...

***

**ਦੋ ਦੋ ਜੁੱਟਾਂ ਵਿੱਚ ਫਰਾਕਾਂ ਵਾਲੀਆਂ ਨਿੱਕੀਆਂ ਬਾਲੜੀਆਂ ਆ ਕੇ ਕਿੱਕਲੀ ਪਾਉਣ ਲੱਗਦੀਆਂ ਨੇ** :

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ, ਦੁਪੱਟਾ ਮੇਰੇ ਭਾਈ ਦਾ
ਜਿਹੜਾ ਸਾਨੂੰ ਮਾਰੇ ਲੋਕੋ! ਫਿੱਟੇ ਮੂੰਹ ਕਸਾਈ ਦਾ
ਫਿੱਟੇ ਮੂੰਹ ਦਾਈ ਦਾ, ਫਿੱਟੇ ਮੂੰਹ ਕਸਾਈ ਦਾ, ਫਿੱਟੇ ਮੂੰਹ ਦਾਈ ਦਾ ...

**ਹਾਰਾਂ-ਹਮੇਲਾਂ ਨਾਲ ਲੱਦੀਆਂ ਘੱਗਰੇ-ਲਹਿੰਗੇ ਵਾਲੀਆਂ ਕੁੜੀਆਂ ਦੀ ਟੋਲੀ ਬਾਗ-ਫੁਲਕਾਰੀ ਤਾਣ ਕੇ ਗਾਉਂਦੀ ਆਉਂਦੀ ਹੈ ਤੇ ਸਾਰੀਆਂ ਗੀਤ ਗਾਉਂਦੀਆਂ ਸਟੇਜ ਉੱਤੇ ਚੱਕਰ ਕੱਢੀ ਜਾਂਦੀਆਂ ਹਨ** :

ਆਉਂਦੀ ਕੁੜੀਏ, ਜਾਂਦੀ ਕੁੜੀਏ, ਚੱਕ ਲਿਆਈ ਟੋਕਰਾ ਅਨਾਰਾਂ ਦਾ
ਕਿੱਥੇ ਲਾਹੇਂਗੀ, ਕਿੱਥੇ ਲਾਹੇਂਗੀ ਇਹ ਪਿੰਡ ਕੁੜੀ-ਮਾਰਾਂ ਦਾ
..ਕਿੱਥੇ ਲਾਹੇਂਗੀ?....
... ... ...
ਦੇਸ ਪੰਜਾਬ ਦੇ ਪੈਂਚੋ, ਵੇ ਸਰਪੈਂਚੋ, ਲੰਬੜਦਾਰੋ
ਬਈ ਪੈਸੇ ਨੇ ਨਾ ਨਾਲ ਜਾਵਣਾ, ਸਾਨੂੰ ਦਾਜ ਦੇ ਲਈ ਨਾ ਮਾਰੋ
ਬਈ ਪੈਸੇ ਨੇ ਨਾ ਨਾਲ ਜਾਵਣਾ...

**ਦੂਜੀਆਂ ਵਾਰੀ ਲੈਂਦੀਆਂ ਹਨ**
ਦੇਸ ਪੰਜਾਬ ਦੇ ਪੈਂਚੋ, ਵੇ ਸਰਪੈਂਚੋ, ਲੰਬੜਦਾਰੋ
ਬਈ ਮੇਲ਼ ਆਖੇ ਕੁੜੀਆਂ ਦਾ, ਸਾਨੂੰ ਅਣਜੰਮੀਆਂ ਨਾ ਮਾਰੋ
ਬਈ ਮੇਲ਼ ਆਖੇ ਕੁੜੀਆਂ ਦਾ...

**ਤੇ ਇੰਜ ਵਾਰੋ ਵਾਰੀ ਗਾਉਂਦੀਆਂ ਚੱਕਰ ਲਾਉਂਦੀਆਂ ਰਹਿੰਦੀਆਂ ਹਨ:**
ਆਉਂਦੀ ਕੁੜੀਏ! ਜਾਂਦੀ ਕੁੜੀਏ! ਚੱਕ ਲਿਆ ਬਜ਼ਾਰ ਵਿਚੋਂ ਰਾਈ
ਨੀ ਮਾਏ ਤੇਰੀ ਤੌਣ ਦੇ ਵਿਚੋਂ
ਸਾਨੂੰ ਆਪਣੀ ਨਾ ਬੁਰਕੀ ਥਿਆਈ
... ... ...
ਆਉਂਦੀ ਕੁੜੀਏ! ਜਾਂਦੀ ਕੁੜੀਏ! ਚੱਕ ਲਿਆ ਬਜ਼ਾਰ ਵਿਚੋਂ ਕਾਨੇ
ਨੀ ਹੱਕ ਲੈ ਲੈ ਆਪ ਜਿਉਣ ਦੇ
ਛੱਡ ਲੋਕਾਂ ਵੱਲ ਤੱਕਣਾ ਰਕਾਨੇਂ...

**ਹੁਣ ਸਾਰੀਆਂ ਘੇਰਾ ਘੱਤ ਕੇ ਖੜ੍ਹ ਜਾਂਦੀਆਂ ਹਨ, ਇਕ ਕੁੜੀ ਛੱਜ ਉੱਤੇ ਨਿੱਕੀ ਜਿਹੀ ਛਿਟੀ ਧਰ ਕੇ ਉੱਚੀ ਹੇਕ ਵਿੱਚ ਬੋਲ ਕੱਢਦੀ ਹੈ ਅਤੇ ਫਿਰ ਘੇਰੇ ਦੇ ਵਿਚਕਾਰ ਆ ਕੇ ਛੱਜ ਭੰਨਦੀ ਹੈ** :

ਕੋਈ ਵੇਚੇ ਸੁੰਢ ਜਵੈਣ, ਕੋਈ ਵੇਚੇ ਰਾਈ
ਕੋਈ ਧੀ ਦੀ ਲਾਸ਼ ਨੂੰ ਵੇਚੇ, ਟਕੇ ਟਕੇ ਸਰਸਾਈ
ਖ਼ਬਰਦਾਰ ਰਹਿਣਾ ਜੀ ਚੌਂਕੀ ਕਾਤਿਲਾਂ ਦੀ ਆਈ
ਖ਼ਬਰਦਾਰ ਰਹਿਣਾ ਜੀ ਚੌਂਕੀ ਕਾਤਿਲਾਂ ਦੀ ਆਈ...



**ਬਾਕੀ ਕੁੜੀਆਂ ਮਗਰ ਮਗਰ ਬੋਲ ਚੁੱਕਦੀਆਂ ਦੁਹੱਥੜ ਮਾਰਨਾ ਸ਼ੁਰੂ ਕਰ ਦਿੰਦੀਆਂ ਹਨ**

ਕੋਈ ਵੇਚੇ ਸੁੰਢ ਜਵੈਣ, ਕੋਈ ਵੇਚੇ ਰਾਈ
ਕੋਈ ਆਪਣੀ ਨੂੰਹ ਨੂੰ ਸਾੜੇ, ਕਿਸੇ ਨੇ ਜ਼ਹਿਰ ਪਿਆਈ
ਖ਼ਬਰਦਾਰ ਰਹਿਣਾ ਜੀ ਚੌਂਕੀ ਕਾਤਿਲਾਂ ਦੀ ਆਈ
ਖ਼ਬਰਦਾਰ ਰਹਿਣਾ ਜੀ ਚੌਂਕੀ ਕਾਤਿਲਾਂ ਦੀ ਆਈ.......

**ਇਕ ਕੁੜੀ ਜਿਸ ਦੇ ਹੱਥ ਵਿੱਚ ਬਾਲਟੀ ਤੇ ਚਿਮਟਾ ਹੈ, ਬੋਲਦੀ ਹੈ : ਨੀ ਭੈਣੋ! ਆਹ ਕੁਸ਼ ਤਾਂ ਹੀ ਠੀਕ ਹੋਣਾ ਜੇ ਸਾਰੀਆਂ ਪੜ੍ਹ-ਲਿਖ ਜਾਣ, ਚੰਗੇ-ਮਾੜੇ ਦੀ ਸੋਝੀ ਆਜੇ, ਪਤਾ ਲੱਗਜੇ ਬਈ ਜੇ ਕੋਈ ਜ਼ੋਰ ਜ਼ਬਰਦਸਤੀ ਕਰੇ ਤਾਂ ਉਹਦਾ ਇਲਾਜ ਕੀ ਕਰਨਾ? ਅਕਲਾਂ ਵਾਲੀਆਂ ਹੋ ਜਾਣ, ਜਿੱਦਾਂ ਅਸੀਂ ਆਂ, ਆਓ ਕੁੜ੍ਹੇ! ਜਿਹੜੇ ਮਾੜੀਆਂ ਕਰਦੇ ਆ, ਉਹਨਾਂ ਨੂੰ ਖ਼ਬਰਦਾਰ ਕਰੀਏ:**

**ਫਿਰ ਬਾਲਟੀ ਉੱਤੇ ਚਿਮਟਾ ਖੜਕਾਉਂਦੀ ਘੇਰੇ ਵਿੱਚ ਚੱਕਰ ਕੱਢਦੀ ਹੈ:**
ਕੋਈ ਵੇਚੇ ਸੁੰਢ ਜਵੈਣ, ਕੋਈ ਵੇਚੇ ਰਾਈ
ਅਸੀਂ ਵੇਚੀਏ ਪਿਆਰ ਮੁਹੱਬਤ ਟਕੇ ਟਕੇ ਸਰਸਾਈ
ਉਹਨੂੰ ਚੰਗਾ ਸਬਕ ਸਿਖਾਈਏ, ਜਿਹਨੇ ਅੱਤ ਉਠਾਈ
ਖ਼ਬਰਦਾਰ ਰਹਿਣਾ ਜੀ, ਟੋਲੀ ਪਾੜ੍ਹੀਆਂ ਦੀ ਆਈ
... ... ...
ਗਲੀ ਗਲੀ ਵਣਜਾਰੇ ਫਿਰਦੇ, ਦਿੰਦੇ ਫਿਰਦੇ ਹੋਕਾ
ਆਪਣੇ ਕਾਰਜ ਆਪ ਸੰਵਾਰੋ, ਮਾਣ ਕਰੋ ਨਾ ਫੋਕਾ
ਉਹੀ ਜਿੱਤਿਆ ਜਿਹਨੇ ਗਿਆਨ ਦੇ ਦਰ 'ਤੇ ਅਲਖ ਜਗਾਈ
ਖ਼ਬਰਦਾਰ ਰਹਿਣਾ ਈ ਓਇ, ਟੋਲੀ ਪਾੜ੍ਹੀਆਂ ਦੀ ਆਈ
... ... ...

***

**ਇਕ ਕੁੜੀ ਬੰਬੀਹਾ ਖੜਕਾਉਂਦੀ ਗਾਉਂਦੀ ਰਹਿੰਦੀ ਹੈ, ਬਾਕੀ ਵਾਰੀ ਵਾਰੀ ਘੇਰੇ ਵਿੱਚ ਆ ਕੇ ਨੱਚਦੀਆਂ ਹਨ** :

•

## ਬੰਬੀਹਾ

ਬੋਲੇ ਨੀਂ ਬੰਬੀਹਾ ਬੋਲੇ
ਸ਼ਾਵਾ! ਨੀਂ ਬੰਬੀਹਾ ਬੋਲੇ
ਨਵੇਂ ਜ਼ਮਾਨੇ ਨਾਲ, ਨੀਂ ਬੰਬੀਹਾ ਬੋਲੇ

ਜੇ ਕੁੜੀਆਂ ਦੀ ਜਾਨ ਬਚਾਉਣੀ, ਜੇ ਕੁੜੀਆਂ ਦੀ ਜਾਨ ਬਚਾਉਣੀ
ਦਾਜ ਦਾ ਵਰਕਾ ਪਾੜ,
ਨੀਂ ਬੰਬੀਹਾ ਬੋਲੇ, ਸ਼ਾਵਾ! ਨੀਂ ਬੰਬੀਹਾ ਬੋਲੇ

ਜੇ ਕੁੜੀਆਂ ਦੀ ਸ਼ਾਨ ਵਧਾਉਣੀ, ਜੇ ਕੁੜੀਆਂ ਦੀ ਸ਼ਾਨ ਵਧਾਉਣੀ
ਵਿੱਚ ਸਕੂਲ ਦੇ ਵਾੜ,
ਨੀਂ ਬੰਬੀਹਾ ਬੋਲੇ, ਸ਼ਾਵਾ! ਨੀਂ ਬੰਬੀਹਾ ਬੋਲੇ

ਕਿਸੇ ਦੇ ਮੂਹਰੇ ਹੱਥ ਨਾ ਅੱਡਣ, ਕਿਸੇ ਦੇ ਮੂਹਰੇ ਹੱਥ ਨਾ ਅੱਡਣ
ਐਸੀ ਕਿਰਤ ਸਿਖਾਲ਼,
ਨੀਂ ਬੰਬੀਹਾ ਬੋਲੇ, ਸ਼ਾਵਾ! ਨੀਂ ਬੰਬੀਹਾ ਬੋਲੇ

ਆਪੇ ਇਜ਼ਤ-ਮਾਣ ਮਿਲੂ, ਹਾਂ ਆਪੇ ਇਜ਼ਤ-ਮਾਣ ਮਿਲੂ
ਜਦ ਕੁਰਸੀ ਦਊ ਸਰਕਾਰ,
ਨੀਂ ਬੰਬੀਹਾ ਬੋਲੇ, ਸ਼ਾਵਾ! ਨੀਂ ਬੰਬੀਹਾ ਬੋਲੇ
... ... ...

**ਤੇ ਇੰਜ ਬੰਬੀਹਾ ਗਾਉਂਦੀਆਂ ਹੋਈਆਂ ਚਲੀਆਂ ਜਾਂਦੀਆਂ ਹਨ ਜਾਂ ਫਿਰ ਇਸਦੇ ਨਾਲ ਹੀ ਗਿੱਧੇ ਦਾ ਪਿੜ ਭਖ ਜਾਂਦਾ ਹੈ :**

•



## ਗਿੱਧਾ

**ਪੰਜਾਬੀ ਗਹਿਣਿਆਂ-ਗੋਟਿਆਂ ਨਾਲ ਸਜੀਆਂ ਨੱਢੀਆਂ ਗਿੱਧੇ ਦਾ ਪਿੜ ਬੰਨ੍ਹ ਕੇ ਖੜ੍ਹੀਆਂ ਹਨ, ਇਕ ਜਣੀ ਬਾਂਹ ਚੁੱਕ ਕੇ ਬੋਲੀ ਪਾਉਂਦੀ ਹੈ, ਫਿਰ ਸਾਰੀਆਂ ਬੋਲੀ ਚੁੱਕਦੀਆਂ ਹਨ ਅਤੇ ਇਕ ਜੋੜੀ ਗਿੱਧੇ ਵਿੱਚ ਉਸ ਬੋਲੀ ਦੇ ਨਾਲ ਮਿਲਵੇਂ ਇਸ਼ਾਰੇ ਕਰਦੀ ਹੋਈ ਨੱਚਦੀ ਹੈ। ਸਾਰੀਆਂ ਵਾਰੀ ਵਾਰੀ ਬੋਲੀਆਂ ਪਾਉਂਦੀਆਂ ਤੇ ਨੱਚਦੀਆਂ ਹਨ, ਵਿੱਚ ਵਿੱਚ ਘੜਾ, ਦੋਹਣਾ ਜਾਂ ਖੜਤਾਲ ਖੜਕਾਉਂਦੀਆਂ ਹਨ :**

ਕਦੇ ਹੂੰ ਕਰਕੇ, ਕਦੇ ਹਾਂ ਕਰਕੇ
ਹੱਕ ਲੈ ਲੈ ਨੀਂ ਮੁਟਿਆਰੇ ਲੰਮੀ ਬਾਂਹ ਕਰਕੇ
ਹੱਕ ਲੈ ਲੈ ਨੀਂ ਮੁਟਿਆਰੇ ਲੰਮੀ ਬਾਂਹ ਕਰਕੇ...
... ... ...
ਸੁਣ ਵੇ ਪਿੰਡ ਦਿਆ ਹਾਕਿਮਾ! ਇਹਨਾਂ ਮੁੰਡਿਆਂ ਨੂੰ ਸਮਝਾ
ਛੱਡਣ ਲਾਲਚ ਕਾਰਾਂ ਦਾ, ਜੇ ਵਿਆਹ ਕਰਵਾਉਣ ਦਾ ਚਾਅ
ਡਰਦੇ ਮਾਪੇ ਦੁੱਖਾਂ ਤੋਂ ਰਹੇ ਧੀਆਂ ਨੂੰ ਮਰਵਾ
ਇਹ ਜ਼ਿੰਦਗੀ ਮੁਸ਼ਕਿਲ ਮਿਲਦੀ ਵੇ! ਸੋਹਣਿਆ ਲੋਕਾਂ ਨੂੰ ਸਮਝਾ
ਇਹ ਜ਼ਿੰਦਗੀ ਮੁਸ਼ਕਿਲ ਮਿਲਦੀ ਵੇ...
... ... ...
ਨੀਲੇ ਘੋੜੇ ਵਾਲਿਆ ਤੇਰਾ ਸਭ ਕੁਸ਼ ਨੀਲੋ ਨੀਲ
ਨੀਲ ਵਿਚਾਰਾ ਕੀ ਕਰੂ ਜਦ ਵੈਰੀ ਹੋਏ ਵਕੀਲ
ਕੁੱਖਾਂ ਦੇ ਵਿੱਚ ਮਾਰਦੇ, ਕੋਈ ਸੁਣੇ ਨਾ ਹੀਲ-ਦਲੀਲ
ਰਾਂਝਣਾ ਰੋਕੀਂ ਵੇ! ਮੁਕਦੀ ਜਾਂਦੀ ਹੀਰ
ਰਾਂਝਣਾ ਰੋਕੀਂ ਵੇ! ...

**ਇਕ ਮੁਟਿਆਰ ਸਿਰ ਉੱਤੇ ਮੁੰਡਿਆਂ ਵਾਂਗ ਮੜਾਸਾ ਬੰਨ੍ਹ ਕੇ ਬੋਲੀ ਪਾਉਂਦੀ ਹੈ:**

ਪੱਚੀਆਂ ਪਿੰਡਾਂ ਦਾ ਤੇਰਾ ਪੁੱਤ ਪਟਵਾਰੀ
ਪਿੰਡ ਪਿੰਡ ਵਿੱਚ ਲੋਕੀ ਧੀਆਂ ਜਾਣ ਮਾਰੀ

ਸੋਚ ਸੋਚ ਮੰਦੜਾ ਹਾਲ ਮਾਏ ਮੇਰੀਏ
ਦੱਸ ਕਿਹੜੀ ਕੱਢੂਗੀ ਰੁਮਾਲ ਮਾਏ ਮੇਰੀਏ?
ਮੇਰਾ ਕਿਹੜੀ ਕੱਢੂਗੀ ਰੁਮਾਲ ਮਾਏ ਮੇਰੀਏ?
... ... ...
ਜੇ ਮੁੰਡਿਓ ਤੁਸੀਂ ਸ਼ਾਦੀ ਕਰਵਾਉਣੀ
ਟੂੰਮ-ਛੱਲਾ ਕੀ ਲੈਣਾ ਮੁੰਡਿਓ
ਪੜ੍ਹੀ ਨਾਰ ਉਮਰ ਦਾ ਗਹਿਣਾ ਮੁੰਡਿਓ.....
... ... ...
ਜੇ ਬਾਪੂ ਵਿਆਹ ਕਰਨੋਂ ਡਰਦਾ, ਉੱਚੀਆਂ ਕਰੂੰ ਪੜ੍ਹਾਈਆਂ
ਬਈ ਸ਼ਾਵਾ ਸ਼ਾਵਾ ਹੋ ਜੂ ਸਾਰੇ, ਏਦਾਂ ਕਰੂੰ ਕਮਾਈਆਂ
ਲਹਿਰਾਂ ਬਹਿਰਾਂ ਕਰ ਦਊਂ, ਖਲਕਤ ਦੇਖੂ ਵਾਂਗ ਸ਼ੁਦਾਈਆਂ
ਪੀਂਘਾਂ ਝੂਟਦੀਆਂ ਧਰਮੀ ਪਿਓ ਦੀਆਂ ਜਾਈਆਂ
ਪੀਂਘਾਂ ਝੂਟਦੀਆਂ ਧਰਮੀ ਪਿਓ ਦੀਆਂ ਜਾਈਆਂ...
... ... ...
ਜੇ ਬਾਪੂ ਤੂੰ ਡਰੇਂ ਕਲੰਕੋਂ, ਗਲ਼ 'ਚ ਗਾਤਰਾ ਪਾਵਾਂ
ਨਾਮ ਧਿਆ ਕੇ ਦਸਮ-ਪਿਤਾ ਦਾ, ਚਿੜੀਓਂ ਬਾਜ਼ ਤੁੜਾਵਾਂ
ਮਾਈ ਭਾਗੋ ਵਾਂਗਰ ਮੈਂ ਵੀ, ਟੁੱਟੀਆਂ ਫੇਰ ਗੰਢਾਵਾਂ
ਮੈਨੂੰ ਜੀਣ ਦਵੀਂ, ਨਵੀਂਆਂ ਪੈੜਾਂ ਪਾਵਾਂ..
ਮੈਨੂੰ ਜੀਣ ਦਵੀਂ, ਨਵੀਂਆਂ ਪੈੜਾਂ ਪਾਵਾਂ...
... ... ...
ਉਹ ਵੀ ਹੈਗੇ ਦੁਨੀਆਂ ਦੇ ਵਿੱਚ ਦਾਜ ਨਾ ਜਿਹੜੇ ਲੈਂਦੇ
ਹੈਗੇ ਭਾਵੇਂ ਟਾਵੇਂ ਟਾਵੇਂ, ਪ੍ਰਭ ਦੀ ਰਜ਼ਾ ਵਿੱਚ ਰਹਿੰਦੇ
ਨੀਂ ਮੇਰੇ ਸਹੁਰੇ ਉਹਨਾਂ ਵਰਗੇ, ਹੱਥੀਂ ਕਰਦੇ ਛਾਵਾਂ
ਉਹਨਾਂ ਦੇਵਤਿਆਂ ਨੂੰ ਤੜਕੇ ਸੀਸ ਨਿਵਾਵਾਂ...
... ... ...
ਬਾਰ੍ਹੀਂ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲਿਆਇਆ ਛੁਹਾਰੇ
ਸੱਸ ਮੇਰੀ ਮਾਂ ਵਰਗੀ, ਝਿੜਕ ਕਦੇ ਨਾ ਮਾਰੇ...
... ... ...
ਬਾਰ੍ਹੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਇਆ ਸਮੋਸੇ



ਸਹੁਰਾ ਮੇਰਾ ਭਗਤ ਨਿਰਾ, ਭੁੱਲ ਕੇ ਕਦੇ ਨਾ ਕੋਸੇ...
... ... ...
ਆਉਣ ਨ੍ਹੇਰੀਆਂ, ਬਈ ਜਾਣ ਨੇਰ੍ਹੀਆਂ
ਵੇ ਸ਼ਰਾਬੀਆ ਦਰਵਾਜੇ ਗੱਲਾਂ ਹੋਣ ਤੇਰੀਆਂ...
... ... ...
ਹੋਰਨਾਂ ਦੇ ਮਾਹੀ ਬੜੇ ਗਿਆਨੀ, ਦੂਣੀ ਕਰਨ ਕਮਾਈ
ਗਿਟਮਿਟ ਗਿਟਮਿਟ ਕਰਦੇ ਰਹਿੰਦੇ, ਰੱਖਦੇ ਰੌਣਕ ਲਾਈ
ਮੈਂ ਤੱਤੜੀ ਨੂੰ ਬਿੱਜੂ ਮਿਲਿਆ ਕਰਦਾ ਨਿੱਤ ਲੜਾਈ
ਡੋਡੇ ਪੀਵੇ, ਭੁੱਕੀ ਖਾਵੇ, ਹੋਵੇ ਜੱਗ-ਹਸਾਈ
ਮਰ ਜਾਏ ਵਿਚੋਲਾ ਨੀ, ਜਿਹਨੇ ਲੜ ਅਮਲੀ ਦੇ ਲਾਈ...
... ... ...
ਹੋਰਨਾਂ ਦੇ ਮਾਹੀ ਬੜੇ ਗਿਆਨੀ, ਦੂਣੀ ਕਰਨ ਕਮਾਈ
ਗਿਟਮਿਟ ਗਿਟਮਿਟ ਕਰਦੇ ਰਹਿੰਦੇ, ਰੱਖਦੇ ਛਹਿਬਰ ਲਾਈ
ਮੈਂ ਤੱਤੜੀ ਨੂੰ ਬਿੱਜੂ ਮਿਲਿਆ ਕਰਦਾ ਨਿੱਤ ਲੜਾਈ
ਗੱਲ ਕਰਨੀ ਨਾ ਆਵੇ ਉਹਨੂੰ, ਹੋਵੇ ਜੱਗ-ਹਸਾਈ
ਸੱਪ ਲੜੇ ਵਿਚੋਲੇ ਨੂੰ, ਜਿਹਨੇ ਲੜ ਅਨਪੜ੍ਹ ਦੇ ਲਾਈ...
... ... ...
ਕੁਰਸੀ 'ਤੇ ਬਹਿ ਕੇ ਅਖਬਾਰ ਪੜ੍ਹਾਂ ਮੈਂ
ਕੋਲੇ ਬਹਿ ਕੇ ਲੜਦਾ ਨੀਂ
ਮੇਰੀ ਚੜ੍ਹਤ ਦੇਖ ਕੇ ਸੜਦਾ ਨੀਂ...
... ... ...
ਮੈਂ ਨਾ ਤੇਰੇ ਭਾਡੇ ਮਾਂਜਣੇ, ਮੈਂ ਨਾ ਤੇਰੀ ਗੋਲੀ
ਮੈਂ ਵੀ ਕਰ ਕੇ ਆਈ ਨੌਕਰੀ, ਥੱਕੀ ਟੁੱਟੀ ਡੋਲੀ
ਕਦੇ ਨਾ ਮੇਰਾ ਦਰਦ ਪਛਾਣੇਂ, ਕਦੇ ਨਾ ਪੀੜ ਫਰੋਲੀ
ਵੇ ਕੁੜੀ ਮਾਰ ਕੇ ਮੁੰਡਾ ਭਾਲੇਂ, ਰਹੇਂ ਸਦਾ ਵਿਸ ਘੋਲੀ
ਤਾਂਹੀਉਂ ਸਿਰ ਚੜ੍ਹਿਆ, ਮੈਂ ਨਾ ਬਰਾਬਰ ਬੋਲੀ...
... ... ...
ਡੰਗਰ ਵੱਛਾ ਵੇਚ ਵੱਟ'ਤਾ ਪੱਟ ਸਿਟਿਆ ਘਰ ਸਾਰਾ
ਵੇ ਨਸ਼ਿਆਂ ਵਿੱਚ ਕਮਾਈ ਰੋੜ੍ਹੇਂ ਮਾਂ ਦਿਆ ਸ਼ਾਹੂਕਾਰਾ
ਦਾਰੂ ਪੀ ਕੇ ਬੜ੍ਹਕਾਂ ਮਾਰੇਂ, ਪਿੰਡ ਜਗਾਵੇਂ ਸਾਰਾ
ਮੈਂ ਤਾਂ ਰੋਟੀ ਆਪ ਕਮਾਵਾਂ, ਆਪੇ ਕਰਾਂ ਗੁਜ਼ਾਰਾ
ਵੇ ਅਸਾਂ ਨਹੀਂ ਕਨੌੜ ਝੱਲਣੀ, ਗੱਲ ਸੋਚ ਕੇ ਕਰੀਂ ਸਰਦਾਰਾ
ਵੇ ਅਸਾਂ ਨਹੀਂ ਕਨੌੜ ਝੱਲਣੀ, ਗੱਲ ਸੋਚ ਕੇ ਕਰੀਂ ਸਰਦਾਰਾ...

… … …
ਕਦੇ ਨਾ ਮੰਗਾਂ ਤੈਥੋਂ ਸੂਹਾ ਵੇ ਸੋਸਣੀ
ਕਦੇ ਨਾ ਮੰਗਾਂ ਤੈਥੋਂ ਪੱਟ ਦੀ ਵਰੀ
ਪੈਸੇ ਆਪ ਕਮਾਊਂਗੀ, ਤੇਰੇ ਜਿੰਨਾ ਮੈਂ ਪੜ੍ਹੀ
ਪੈਸੇ ਆਪ ਕਮਾਊਂਗੀ, ਤੇਰੇ ਜਿੰਨਾ ਮੈਂ ਪੜ੍ਹੀ…
… … …
ਉੱਚੇ ਥਾਂ ਖੜੋਤਿਆ ਪੱਗ ਬੰਨ੍ਹਦੈਂ ਚਿਣ ਚਿਣ ਵੇ
ਧੀਆਂ-ਭੈਣਾਂ ਛੇੜਦੈਂ, ਦੁੱਖ ਦਿੰਨੈਂ ਗਿਣ ਗਿਣ ਵੇ
ਆਈ ਮੌਤ ਮਰ ਜਾਏਂਗਾ, ਤੇਰੇ ਭੁੰਜੇ ਰੁਲਣਗੇ ਕੇਸ
ਵੇ ਅਣਹੋਈਆਂ ਗੱਲਾਂ ਕਰਦਾ, ਕੁੜੀਆਂ ਦੀ ਜਾਂਦੀ ਨਾ ਕੋਈ ਪੇਸ਼…
… … …
ਅੱਡੀ ਤਾਂ ਮੇਰੀ ਕੌਲ-ਕੰਚ ਦੀ, ਗੂਠੇ ਤੇ ਸਿਰਨਾਵਾਂ
ਬਈ ਲਿਖ ਲਿਖ ਚਿੱਠੀਆਂ ਡਾਕ ’ਚ ਪਾਵਾਂ ਧੁਰ ਦੇ ਪਤੇ ਮੰਗਾਵਾਂ
ਜੇ ਮਾਏ ਦੁੱਖ ਲਿਖ ਕੇ ਪਾਏਂ, ਪੈਰ ਜੁੱਤੀ ਨਾ ਪਾਵਾਂ
ਜੇ ਮਾਏ ਥੋੜਾ ਰੁਲੇ ਬੁਢਾਪਾ ਆਪਣੇ ਨਾਲ ਲਿਜਾਵਾਂ
ਧੋ ਧੋ ਪੀਵਾਂ ਚਰਨ ਤੁਹਾਡੇ, ਸਦ ਬਲਿਹਾਰੀ ਜਾਵਾਂ
ਰੋਂਦੇ ਬਾਬਲ ਦੇ ਮੂੰਹ ’ਚ ਬੁਰਕੀਆਂ ਪਾਵਾਂ
ਰੋਂਦੇ ਬਾਬਲ ਦੇ ਮੂੰਹ ’ਚ ਬੁਰਕੀਆਂ ਪਾਵਾਂ…
… … …
ਢਾਈਆਂ ਢਾਈਆਂ ਢਾਈਆਂ
ਸੱਚ ਸੁਣਾ ਚੱਲੀਆਂ ਨਣਦਾਂ ਤੇ ਭਰਜਾਈਆਂ…
… … …
ਢਾਈਆਂ ਢਾਈਆਂ ਢਾਈਆਂ
ਗਿੱਧਾ ਪਾ ਚੱਲੀਆਂ ਨਣਦਾਂ ਤੇ ਭਰਜਾਈਆਂ…
ਮੁਲਕ ਜਗਾ ਚੱਲੀਆਂ, ਨਣਦਾਂ ਤੇ ਭਰਜਾਈਆਂ…।

**ਤੇ ਏਹੀ ਤੁਕ ਵਾਰ ਵਾਰ ਗਾਉਂਦੀਆਂ ਹੋਈਆਂ ਸਟੇਜ ਤੋਂ ਚਲੀਆਂ ਜਾਂਦੀਆਂ ਹਨ।**

… … …

•